
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 32
November 21, 2018
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਨਿਊਵਾਰਕ, ਰਿਓਲਿੰਡਾ, ਸੈਕਰਾਮੈਂਟੋ ਅਤੇ ਹੋਰ ਗੁਰੂ ਘਰਾਂ ਵਿਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਅਦਾਰਾ 'ਦੇਸ਼ ਦੁਆਬਾ' ਵੱਲੋਂ ਸਮੂਹ ਮਾਨਵਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।



ਵਲੇਹੋ 'ਚ ਧੰਨ ਧੰਨ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ। (ਰਿਪੋਰਟ ਦੇਖੋ ਸਫਾ 4 'ਤੇ ਅਤੇ ਤਸਵੀਰਾਂ ਦੇਖੋ ਸਫਾ 13 'ਤੇ)

# 1984 ਸਿੱਖ ਕਤਲੇਆਮ- 1 ਨੂੰ ਫਾਂਸੀ, ਦੂਜੇ ਉਮਰ ਕੈਦ ਨੂੰ

**ਨਵੀਂ ਦਿੱਲੀ (ਬਿਊਰੋ)-** 1984 ਸਿੱਖ ਕਤਲੇਆਮ ਨਾਲ ਸੰਬੰਧਿਤ ਇਕ ਮਾਮਲੇ 'ਚ ਦੋਸ਼ੀ ਐਲਾਨੇ ਗਏ ਯਸ਼ਪਾਲ ਸਿੰਘ ਨੂੰ ਪਟਿਆਲਾ ਹਾਊਸ ਕੋਰਟ ਵੱਲੋਂ ਫਾਂਸੀ ਦੀ ਸਜਾ ਅਤੇ ਨਰੇਸ਼ ਸਹਿਰਾਵਤ ਨੂੰ ਉਮਰ ਕੈਦ ਦੀ ਸਜਾ ਸੁਣਾਈ ਗਈ ਹੈ। ਅਦਾਲਤ ਨੇ ਫ਼ੈਸਲਾ ਸੁਣਾਉਂਦੇ ਹੋਏ ਕਿਹਾ ਕਿ 1984 ਵਿੱਚ ਜੋ ਹੋਇਆ ਉਹ ਬੇਹੱਦ ਬਰਬਰਤਾ ਪੂਰਨ ਸੀ। ਅਦਾਲਤ ਨੇ ਦੋਵਾਂ ਦੋਸ਼ੀਆਂ ਨੂੰ 35-35 ਲੱਖ ਰੁਪਏ ਜੁਰਮਾਨਾ ਵੀ ਕੀਤਾ ਹੈ ਜੋ ਪੀੜਤ ਪਰਿਵਾਰਾਂ ਦੇ ਵਾਰਸਾਂ ਨੂੰ ਦੇਣ ਦਿੱਤਾ ਜਾਵੇਗਾ। ਇਸ ਕੇਸ ਦਾ ਫ਼ੈਸਲਾ ਤਿਹਾੜ ਜੇਲ੍ਹ ਵਿਚ ਸੁਣਾ ਦਿੱਤਾ ਗਿਆ ਕਿਉਂਕਿ ਦਿੱਲੀ




ਪੁਲਿਸ ਨੇ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਖਲ ਕਰ ਕੇ ਕਿਹਾ ਸੀ ਕਿ ਸੁਰੱਖਿਆ ਕਾਰਨਾਂ ਕਰ ਕੇ ਮੁਲਜ਼ਮਾਂ ਨੂੰ ਅਦਾਲਤੀ ਅਹਾਤੇ ਵਿਚ ਨਹੀਂ ਲਿਆਂਦਾ ਜਾ ਸਕਦਾ। ਸਪੈਸਲ ਜਾਂਚ ਟੀਮ ਦੇ ਗਠਨ ਤੋਂ ਬਾਅਦ ਇਹ ਪਹਿਲਾ ਕੇਸ ਹੈ ਜਿਸ ਵਿਚ ਅਦਾਲਤ ਨੇ ਫ਼ਾਂਸੀ ਦੀ ਸਜ਼ਾ ਸੁਣਾਈ ਹੈ ਜਦਕਿ ਇਸ ਤੋਂ ਪਹਿਲਾਂ ਸਿੱਖ ਕਤਲੇਆਮ ਦੇ ਸੱਤ ਕੇਸਾਂ ਵਿਚ ਟ੍ਰਾਇਲ ਕੋਰਟ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ। ਹਾਲਾਂਕਿ ਦਿੱਲੀ ਹਾਈ ਕੋਰਟ ਨੇ ਸਿਰਫ ਤਿੰਨ ਕੇਸਾਂ ਵਿਚ ਫ਼ਾਂਸੀ ਦੀ ਸਜ਼ਾ ਦੀ ਪੁਸ਼ਟੀ ਕੀਤੀ ਹੈ ਤੇ ਬਾਕੀ ਚਾਰ ਕੇਸਾਂ ਵਿਚ ਸੁਪਰੀਮ ਕੋਰਟ ਨੇ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਸੀ।

# ਕੈਲੀਫੋਰਨੀਆ 'ਚ ਲੱਗੀ ਅੱਗ ਨਾਲ ਮਰਨ ਵਾਲਿਆਂ ਦੀ ਗਿਣਤੀ 77 ਹੋਈ

## ਲਾਪਤਾ ਲੋਕਾਂ ਦੀ ਗਿਣਤੀ ਵੱਧ ਕੇ 1276, ਧੂੰਏਂ ਕਾਰਨ 200 ਉਡਾਣਾਂ ਪ੍ਰਭਾਵਤ ਹੋਈਆਂ, ਸਿੱਖ ਸੰਸਥਾਵਾਂ ਸੇਵਾ ਲਈ ਆਈਆਂ ਅੱਗੇ

**ਕੈਲੀਫੋਰਨੀਆ( ਹੁਸਨ ਲੜੋਆ ਬੰਗਾ)-** ਕਈ ਦਿਨਾਂ ਤੋਂ ਅਮਰੀਕਾ ਦਾ ਖੂਬਸੂਰਤ ਸੂਬਾ ਕੈਲੀਫੋਰਨੀਆ ਜੰਗਲਾਂ ਚ ਲੱਗੀ ਅੱਗ ਨਾਲ ਜੂਝ ਰਿਹਾ ਹੈ ਜਿਸ ਦੇ ਨਤੀਜੇ ਵਜੋਂ ਹੁਣ ਤੱਕ 77 ਵਿਆਕਤੀ ਮਾਰੇ ਜਾ ਚੁਕੇ ਹਨ ਤੇ ਲਾਪਤਾ ਲੋਕਾਂ ਦੀ ਗਿਣਤੀ ਵੱਧ ਕੇ 1276 ਹੋ ਗਈ ਹੈ। ਸੂਬਾ ਸਰਕਾਰ ਤੇ ਕੇਂਦਰ ਸਰਕਾਰ ਤੋਂ ਇਲਾਵਾ ਵੱਖ ਵੱਖ ਸਮਾਜਿਕ ਜੱਥੇਬੰ-




ਦੀਆਂ ਨੇ ਕੈਂਪ ਵਿੱਚ ਸ਼ਰਨ ਲਈ ਬੈਠੇ ਲੋਕਾਂ ਦੀ ਦਿੱਨ ਰਾਤ ਸੇਵਾ ਚ ਲੱਗੇ ਹੋਏ ਹਨ। ਇਸ ਲੱਗੀ ਅੱਗ ਨੇ ਕੁਲ 1 ਲੱਖ ਪੰਜਾਹ ਹਜਾਰ ਏਕੜ ਵਿੱਚ ਕਹਿਰ ਭਰਪਾਇਆ । ਇਹ ਅੱਗ ਉਤਰੀ ਤੇ ਦੱਖਣੀ ਕੈਲੀਫੋਰਨੀਆਂ ਵਿੱਚ ਇਕੋ ਸਮੇਂ ਲੱਗੀ । ਲਾਸ ਏਂਜਲਸ ਵਾਲੇ ਪਾਸੇ ਲੱਗੀ ਅੱਗ ਨੂੰ ਵੂਲਸੀ ਫਾਇਰ ਦਾ ਨਾਂ ਦਿੱਤਾ ਗਿਆ ਤੇ ਚੀਕੋ ਵਾਲੇ ਪਾਸੇ ਲੱਗੀ ਅੱਗ ਨੂੰ ਕੈਂਪ ਫਾਇਰ ਦਾ ਨਾਂ ਦਿੱਤਾ

(ਬਾਕੀ ਸਫਾ 9 'ਤੇ)



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net


Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Don't wait until it's too late. Come give your car a break at Brake Time
Brake Time Auto Repair
6315 Watt Ave. Unit 115
North Highlands, CA. 95660
* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K
J. Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only
ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖਸ਼ ਕੰਮ ਕੀਤਾ ਜਾਂਦਾ ਹੈ


BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ





Late
Sh. Lahori Ram
Comissioner



# ਸਵਰਗਵਾਸੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ

# ਭਾਰਤੀ ਰਾਜਦੂਤਾਂ ਅਤੇ ਭਾਰਤੀ ਕੌਂਸਲੇਟਸ ਵਲੋਂ ਅਮਰੀਕੀ ਸਿੱਖ ਲੀਡਰਾਂ ਨੂੰ ਅੱਤਵਾਦੀ ਕਹਿਣਾ ਮੰਦਭਾਗਾ -ਖਾਲਸਾ

**ਨਿਊਯਾਰਕ, ( ਹੁਸਨ ਲੜੋਆ ਬੰਗਾ)–** ਵਰਲਡ ਸਿੱਖ ਪਾਰਲੀਮੈਂਟ ਵਲੋਂ ਕ੍ਰੇਗ ਮੋਖੀਬਿਰ ਡਾਇਰੇਕਟਰ ਮਨੁੱਖੀ ਅਧਿਕਾਰ ਹਾਈ ਕਮਿਸ਼ਨਰ ਨਿਊਯਾਰਕ ਨਾਲ ਇਕ ਅਹਿਮ ਮੀਟਿੰਗ ਰੱਖੀ ਗਈ ਜਿਸ ਵਿਚ ਸਵਰਨਜੀਤ ਸਿੰਘ ਖਾਲਸਾ ਨੇ ਕੈਨੇਕਟਿਕਟ ਦੇ ਸਿੱਖਾਂ ਵਲੋਂ ਭਾਂਗ ਲਿਆ ਤੇ ਕ੍ਰੇਗ ਮੋਖੀਬਿਰ ਨੂੰ ਭਾਰਤੀ ਰਾਜਦੂਤਾਂ ਵਲੋਂ ਅਮਰੀਕੀ ਸਿੱਖਾਂ ਨੂੰ ਬਦਨਾਮ ਕਰਨ ਬਾਰੇ ਜਾਣੂ ਕਰਵਾਇਆ।





ਓਹਨਾ ਦੱਸਿਆ ਕਿ ਬੀਤੇ ਦਿਨੀ ਕੈਨੇਟਿਕਟ ਵਿੱਚ ਸਟੇਟ ਕੈਪੀਟਲ ਬਿਲਡਿੰਗ ਚ ਸਿੱਖ ਨਸਲਕੁਸ਼ੀ ਦਿਹਾੜੇ ਨੂੰ ਮਨਾਇਆ ਗਇਆ ਜਿਸ ਵਿਚ ਕਨੈਟਿਕਟ ਦੀ ਸੈਨੇਟਰ ਕੈਥੀ ਔਸਤਨ ਨੇ ਦਸਿਆ ਕੀ ਜਿਹੜਾ ਸਿੱਖ ਨਸਲਕੁਸ਼ੀ ਨੂੰ ਲੈ ਕੇ ਕਾਨੂੰਨ ਬਣਿਆ ਹੈ ਉਸਦਾ ਭਾਰਤੀ ਕੌਂਸਲੇਟ ਨਿਊਯਾਰਕ ਵਲੋਂ ਇਕ ਚਿਠੀ ਭੇਜ ਕਿ ਵਰੋਧ ਕਿੱਤਾ ਗਿਆ।ਉਸ ਚਿੱਠੀ ਵਿਚ ਭਾਰਤ ਵਲੋਂ ਕਿਹਾ ਗਿਆ ਕਿ ਸਿੱਖਾਂ ਦੀ ਕੋਈ ਨਸਲਕੁਸ਼ੀ ਨਹੀਂ ਹੋਈ ਅਤੇ ਜੋ ਅਮਰੀਕਾ ਦੇ ਅਨਸਰਾਂ ਨੇ ਤੁਹਾਨੂੰ ਇਹ ਮਤਾ ਪਾਉਣ ਨੂੰ ਕਿਹਾ ਉਹ "ਅਤਵਾਦੀ" ਨੇ ਅਤੇ ਭਾਰਤ ਦੇ ਵੱਖ ਵੱਖ ਹਿੱਸੇ ਕਰਵਾਉਣਾ ਚਾਹੁੰਦੇ ਨੇ ਜੋ ਭਾਰਤ ਨਹੀਂ ਹੋਣ ਦੇ ਸਕਦਾ"।

ਭਾਰਤੀ ਕੌਂਸਲੇਟ ਨੇ ਇਹ ਵੀ ਕਿਹਾ ਕਿ ਅਸੀਂ ਕੰਨੇਕਟਿਕਟ ਦੇ ਗਵਰਨਰ ਨੂੰ ਵੀ ਮਿੱਲੇ ਹਾਂ ਤੇ ਇਹ ਪੂਰੀ ਕਾਰਵਾਈ ਬਾਰੇ ਜਾਣੂ ਕਰਵਾ ਚੁੱਕੇ ਹਾਂ।ਇਸ ਮੌਕੇ ਸ ਖਾਲਸਾ ਨੇ ਸਿੱਖਾਂ ਦੀਆ ਹੋਰ ਮੁਸਕਲਾਂ ਬਾਰੇ ਵੀ ਸੰਯੁਕਤ ਰਾਸ਼ਟਰ ਨੂੰ ਜਾਣੂ ਕਵਾਇਆ ਜਿਵੇਂ ਕਿ ਪੰਜਾਬ ਦੇ ਪਣੀਆਂ ਦੀ ਭਾਰਤ ਵਲੋ ਲੁੱਟ ਖਸੁੱਟ , ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਸਜਾ ਪੂਰੀ ਹੋਣ ਤੇ ਵੀ ਜੇਲ ਚ ਰੱਖਣਾ, ਸਿੱਖਾਂ ਨੂੰ ਖੁਦ ਮੁਖਤਿਆਰੀ ਦਾ ਅਧਿਕਾਰ ਨਾ ਦੇਣਾ ਭਾਰਤ ਵਲੋਂ ਸਿੱਖ ਨੂੰ ਇਕ ਵੱਖਰੀ ਕੌਮ ਨਾਂ ਮੰਨਣਾ ਆਦਿ । ਉਨਾਂ ਇਹ ਵੀ ਦੱਸਿਆ ਕਿ ਪੰਜਾਬ ਇਕ ਵੱਖਰਾ ਮੁਲਕ ਸੀ ਜਿਸ ਨੂੰ ਸੋਨੇ ਦੀ ਚਿੜੀ ਵੀ ਕਿਹਾ ਜਾਂਦਾ ਸੀ ਪਰ ਭਾਰਤ ਦੀਆ ਨੀਤੀਆ ਨੇ ਅੱਜ ਪੰਜਾਬ ਨੂੰ ਕਰਜੇ ਵਿਚ ਡੁਬੋ ਦਿੱਤਾ। ਓਹਨਾ ਮੰਗ ਕੀਤੀ ਕਿ ਹੁਣ ਉਹ ਸਮਾਂ ਆ ਗਿਆ ਹੈ ਕਿ ਸੰਯੁਕਤ ਰਾਸ਼ਟਰ ਆਪਣੀ ਸ਼ਕਤੀ ਦਾ ਇਸਤੇਮਾਲ ਕਰੇ ਤੇ ਸਿੱਖਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਚ ਓਹਨਾ ਦਾ ਸਾਥ ਦੇਵੇ। ਵਰਲਡ ਸਿੱਖ ਪਾਰਲੀਮੈਂਟ ਦੀ ਰਹਿਨੁਮਾਈ ਵਿਚ ਹੋਈ ਇਸ ਮੁਲਾਕਾਤ ਵਿਚ ਹਿੰਮਤ ਸਿੰਘ, ਬਲਜਿੰਦਰ ਸਿੰਘ, ਗੁਰੁਨਿੰਦਰ ਸਿੰਘ ਧਾਲੀਵਾਲ , ਰਣਜੀਤ ਸਿੰਘ ਆਦਿ ਹੋਰ ਅਮਰੀਕਾ ਤੋਂ ਵਰਲਡ ਸਿੱਖ ਪਾਰਲੀਮੈਂਟ ਦੇ ਮੇਂਬਰ ਸ਼ਾਮਿਲ ਹੋਏ । ਇਸ ਤੋਂ ਇਲਾਵਾ ਰਾਜੇਸ਼ ਸਿੰਘ, ਕਰਮਵੀਰ ਸਿੰਘ ,ਸਤਲੀਨ ਕੌਰ ਯੂਨਾਈਟਿਡ ਸਿਖਸ ਅਤੇ ਵੱਖ ਵੱਖ ਜੱਥੇਬੰਦੀਆਂ ਦੇ ਲੀਡਰਾਂ ਨੂੰ ਵੀ ਹਿੱਸਾ ਬਣਨ ਦਾ ਮੌਕਾ ਦਿੱਤਾ।

# ਅਮਰੀਕਾ ਦੀ ਸਟੇਟ ਮੈਸਾਚੂਸਸ ਦੇ ਸ਼ਹਿਰ ਹੌਲੀਓਕ ਵਿਚ ਵੀ 84 ਕਤਲੇਆਮ ਪ੍ਰਤੀ ਸਿੱਖ ਨਸਲਕੁਸ਼ੀ ਦਾ ਮਤਾ ਪਾਸ

**ਹੌਲੀਓਕ ਮੈਸਾਚੂਸਸ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਸਟੇਟ ਮੈਸਾਚੂਸਸ ਦੀ ਹੌਲੀਓਕ ਸ਼ਹਿਰ ਦੀ ਮੇਅਰ ਕੌਂਸਲ ਨੇਵੀ ਦਿਲੀ ਵਿਚ 1984 ਦੌਰਾਨ ਹੋਏ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਹੋਣ ਦਾ ਮਤਾਪਾ ਦਿੱਤਾ ਹੈ। ਇਸ ਮਤੇ ਨੂੰ ਵਿਸ਼ੇਸ਼ ਕਰਕੇ ਮੇਅਰ ਅਲੈਕਸਬੀ ਮੋਰਸ ਵੱਲੋਂ ਪੜ੍ਹਿਆ ਗਿਆ ਹੈ ਸਾਰੇ ਹਾਊਸ ਨੇ ਇਸ ਨੂੰ ਪ੍ਰਵਾਨ ਕੀਤਾ।ਇਸ ਤੋਂ ਪਹਿਲਾਂ ਕਨੈਕਟੀਕਟ ਤੇ ਪੈਨਸਲਵੇਨੀਆ ਸਟੇਟ ਨੇ ਵੀ ਇਹ ਮਤਾਪਾਇਆ ਸੀ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਹੁਣ ਅਮਰੀਕਾ ਵਿਚ ਵੱਖ ਵੱਖ ਸਟੇਟਾਂ ਅਤੇ ਸ਼ਹਿਰਾਂ ਵਿਚ ਇਹ ਮਤੇ ਸਰਕਾਰੀ ਤੌਰ ਤੇ ਪੈਣ ਲੱਗੇ ਹਨ ਜਿਸ ਤੋਂ ਸਪਸ਼ਟ ਹੋ ਗਿਆਹੈ ਕਿ ਇਹ ਮਾਮਲਾ ਹੁਣ ਯੂਐਨਓ ਤੱਕ ਵੀ ਪੁੱਜੇਗਾ। ਇਸ ਸਬੰਧੀ ਗੁਰਨਿੰਦਰ ਸਿੰਘਧਾਲੀਵਾਲ, ਹਿੰਮਤ ਸਿੰਘ ਕੋਆਰਡੀਨੇਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟਕੋਸਟ, ਬਲਜਿੰਦਰ ਸਿੰਘ ਅਤੇ ਮੋਹਨ ਸਿੰਘ ਭਰਾੜਾ ਨੇ ਦੱਸਿਆ ਕਿ ਭਾਰਤ ਵਿਚ 1984 ਵਿਚ ਹੋਏ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦੇਣ ਦੇ ਮਤੇ ਪੈਣ ਦੀ ਅਮਰੀਕਾ ਵਿਚਲਹਿਰ ਚੱਲ ਗਈ ਹੈ।



ਹੌਲੀਓਕ ਸ਼ਹਿਰ ਐਮਏ ਵਿਚ ਮਤਾ ਮੇਅਰ ਅਲੈਕਸ ਬੀ ਮੋਰਸ ਨੇਪੜ੍ਹਿਆ ਜਦ ਕਿ ਇਨ੍ਹਾਂ ਦਾ ਸਾਥ ਸਿਟੀ ਕੌਂਸਲ ਪੇਟਰ ਆਰ ਟੇਲਮਾਨ ਤੇ ਡੈਵਿਟ ਬਰਟੱਲੀ,ਸਟੇਟ ਪ੍ਰਤੀਨਿੰਧ ਅਰੌਨ ਵੇਗਾ ਸਨ ਜੋ ਹਾਊਸ ਦੇ ਸਪੀਕਰ ਰੌਬਰਟ ਏ ਡੇਲਿਓ ਦੀਹਾਜਰੀ ਵਿਚ ਪੜ੍ਹਿਆ ਗਿਆ। ਸਿੱਖ ਆਗੂਆਂ ਨੇ ਕਿਹਾ ਕਿ ਇਸ ਸਬੰਧੀ ਵਰਲਡ ਸਿੱਖਪਾਰਲੀਮੈਂਟ ਦੇ ਆਗੂਆਂ ਨੇ ਵਿਸ਼ੇਸ਼ ਰੋਲ ਨਿਭਾਇਆ ਹੈ, ਇਹ ਮਤਾ ਪਾਉਣ ਲਈ ਪੂਰਾਸਿੱਖ ਜਗਤ ਇਸ ਮੇਅਰ ਕੌਂਸਲ ਦਾ ਰਿਣੀ ਹੈ। ਕਿਉਂਕਿ ਇਹ ਸਾਡੇ ਲਈ ਵੱਡੀਪ੍ਰਾਪਤੀ ਹੈ ਕਿ ਭਾਰਤੀ ਸਰਕਾਰ ਵੱਲੋਂ 1984 ਵਿਚ ਕਰਾਏ ਸਿੱਖ ਕਤਲੇਆਮ ਨੂੰਸਿੱਖ ਨਸਲਕੁਸ਼ੀ ਕਰਾਰ ਦਿੱਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਇਹ ਮਤਾ ਨਾ ਪਵੇਇਸ ਕਰਕੇ ਇਥੇ ਦੇ ਭਾਰਤੀ ਸਫਾਰਤਖਾਨੇ ਦੇ ਸਫੀਰ ਵੱਲੋਂ ਮੇਅਰ ਕੌਂਸਲ ਨੂੰ ਈਮੇਲਕਰਕੇ ਕਿਹਾ ਸੀ ਕਿ ਇਹ ਮਤਾ ਨਾ ਪਾਇਆ ਜਾਵੇ ਕਿਉਂਕਿ ਸਿੱਖ ਅੱਤਵਾਦੀ ਹਨਇਸ ਦੇ ਵਿਰੋਧ ਵਿਚ ਉਸ ਤੇ ਕੇਸ ਕੀਤਾ ਗਿਆ ਹੈ। ਜਿਸ ਨੂੰ ਅਮਰੀਕਾ ਦੀ ਅਦਾਲਤਵਿਚ ਪੇਸ਼ੀਆਂ ਭੁਗਤਣੀਆਂ ਪੈਣਗੀਆਂ।

# ਐਚ ਵੰਨ ਐਚ ਬੀ.ਵੀਜ਼ਾ ਧਾਰਕਾਂ ਦੇ ਜੀਵਨਸਾਥੀ ਦੇ ਵਰਕ ਪਰਮਿਟ ਨੂੰ ਬਚਾਉਣ ਲਈ ਅਮਰੀਕੀ ਸੰਸਦ 'ਚ ਬਿੱਲ ਪੇਸ਼

**ਵਾਸ਼ਿਗਟਨ (ਰਾਜ ਗੋਗਨਾ)—** ਟਰੰਪ ਸਰਕਾਰ ਨੂੰ ਐਂਚ-1 ਬੀ. ਵੀਜ਼ਾ ਧਾਰਕਾਂ ਦੇ ਜੀਵਨਸਾਥੀ ਦੀ ਕੰਮ ਕਰਨ ਦੀ ਮਨਜ਼ੂਰੀ (ਵਰਕ ਪਰਮਿਟ) ਨੂੰ ਖਤਮ ਕਰਨ ਤੋਂ ਰੋਕਣ ਲਈ ਅਮਰੀਕੀ ਸੰਸਦ ਵਿਚ ਇਕ ਬਿੱਲ ਪੇਸ਼ ਕੀਤਾ ਗਿਆ ਹੈ। 2 ਅਮਰੀਕੀ ਸੰਸਦ ਮੈਂਬਰਾਂ ਅੰਨਾ ਜੀ ਇਸ਼ੂ ਅਤੇ ਜੋ ਲਾਫਗ੍ਰੇਨ ਨੇ ਇਹ ਬਿੱਲ ਪੇਸ਼ ਕੀਤਾ। ਉਨ੍ਹਾਂ ਦਾ ਕਹਿਣਾ ਹੈ ਕਿ ਐਂਚ-1 ਬੀ. ਵੀਜ਼ਾ ਧਾਰਕਾਂ ਦੇ ਜੀਵਨਸਾਥੀ ਨੂੰ ਮਿਲਣ ਵਾਲੇ ਇਸ ਲਾਭ ਨੂੰ ਖਤਮ ਕਰਨ ਨਾਲ ਵਿਦੇਸ਼ੀ ਕਰਮਚਾਰੀ ਆਪਣੇ ਦੇਸ਼ ਵਾਪਸ ਚਲੇ ਜਾਣਗੇ ਅਤੇ ਆਪਣੇ ਹੁਨਰ ਦੀ ਵਰਤੋਂ ਅਮਰੀਕੀ ਕੰਪਨੀਆਂ ਨਾਲ ਮੁਕਾਬਲੇਬਾਜ਼ੀ ਵਿਚ ਕਰਨਗੇ। ਅਮਰੀਕਾ ਵਿਚ ਐਂਚ-1 ਬੀ. ਵੀਜ਼ਾ ਧਾਰਕਾਂ ਦੇ ਜੀਵਨਸਾਥੀ (ਪਤੀ/ਪਤਨੀ) ਨੂੰ ਐਂਚ-4 ਵੀਜ਼ਾ ਦਿੱਤਾ ਜਾਂਦਾ ਹੈ। ਇਹ ਇਕ ਗੈਰ-ਪ੍ਰਵਾਸੀ ਵੀਜ਼ਾ ਹੈ ਜੋ ਕਿ ਅਮਰੀਕੀ ਕੰਪਨੀਆਂ ਨੂੰ ਕੁੱਝ ਵਿਸ਼ੇਸ਼ ਖੇਤਰਾਂ ਵਿਚ ਵਿਸ਼ੇਸ਼ ਯੋਗਤਾ ਰੱਖਣ ਵਾਲੇ ਵਿਦੇਸ਼ੀ ਕਰਮਚਾਰੀਆਂ ਦੀ ਭਰਤੀ ਦੀ ਆਗਿਆ ਦਿੰਦਾ ਹੈ। ਇਹ ਵੀਜ਼ਾ ਭਾਰਤੀ ਆਈ. ਟੀ. ਪੇਸ਼ੇਵਰਾਂ ਵਿਚਾਲੇ ਬਹੁਤ ਲੋਕਪ੍ਰਿਯ ਹੈ। ਟਰੰਪ ਸਰਕਾਰ ਦੇ ਵਰਕ ਪਰਮਿਟ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਦਰਮਿਆਨ ਅਮਰੀਕੀ ਸੰਸਦ ਅੰਨਾ ਜੀ ਇਸ਼ੂ ਅਤੇ ਜੋ ਲਾਫਗ੍ਰੇਨ ਨੇ ਐਂਚ-4 ਰੋਜ਼ਗਾਰ ਹਿਫਾਜ਼ਤ ਬਿੱਲ ਪੇਸ਼ ਕੀਤਾ ਹੈ। ਅਮਰੀਕੀ ਸਰਕਾਰ ਦੀ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਵਿਚ ਸ਼ੁਰੂ ਕੀਤੇ ਗਏ ਇਸ ਵੀਜ਼ੇ ਨੂੰ ਖ਼ਤਮ ਕਰਨ ਦੀ ਯੋਜਨਾ ਹੈ । ਸੰਸਦ ਮੈਂਬਰਾਂ ਨੇ ਸਦਨ ਵਿਚ ਬਿੱਲ ਪੇਸ਼ ਕਰਨ ਤੋਂ ਬਾਅਦ ਕਿਹਾ ਕਿ ਜਦੋਂ ਤੋਂ ਇਹ ਨਿਯਮ ਲਾਗੂ ਹੋਇਆ ਹੈ 1,00,000 ਕਰਮਚਾਰੀਆਂ ਖਾਸ ਤੌਰ 'ਤੇ ਔਰਤਾਂ ਨੂੰ ਕੰਮ ਕਰਨ ਦੀ ਆਗਿਆ ਮਿਲੀ ਹੈ । ਇਸ ਨਾਲ ਅਮਰੀਕਾ ਦੀਆਂ ਮੁਕਾਬਲੇਬਾਜ਼ ਗਤੀਵਿਧੀਆਂ ਵਿਚ ਸੁਧਾਰ ਹੋਇਆ ਹੈ ਅਤੇ ਹਜ਼ਾਰਾਂ ਐਂਚ-1 ਬੀ. ਵੀਜ਼ਾ ਧਾਰਕਾਂ ਅਤੇ ਉਨ੍ਹਾਂ ਦੇ ਪਰਿਵਾਰ ਦਾ ਆਰਥਕ ਬੋਝ ਘੱਟ ਹੋਇਆ ਹੈ।



## Matrimonials

**ਲੜਕੀ ਦੀ ਲੋੜ**

27 ਸਾਲਾ ਸਾਊਦੀ ਅਰਬ ਗਏ ਹੋਏ ਲੜਕੇ ਲਈ ਵਿਦੇਸ਼ ਵਿਚ ਸੈਟਲ ਲੜਕੀ ਦੀ ਲੋੜ ਹੈ। ਲੜਕੇ ਦਾ ਗੋਤ ਵੜੈਚ, ਪਿੰਡ ਅਮਲੋਹ, ਕੱਦ 6 ਫੁੱਟ, ਸੋਹਣਾ ਸੁਨੱਖਾ ਵੈਸ਼ਨੋ ਹੈ।
ਚਾਹਵਾਨ ਸੰਪਰਕ ਕਰਨ ਜਸਵੀਰ ਰਾਣਾ 91-98156-59220

----------------------

**ਲੜਕੀ ਦੀ ਲੋੜ**

ਵਾਲਮੀਕ ਭਾਈਚਾਰੇ ਨਾਲ ਸਬੰਧਤ 26 ਸਾਲਾ ਸਾਫਟਵੇਅਰ ਇੰਜੀਨੀਅਰ ਲੜਕੇ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੀ-ਲਿਖੀ, ਸੁਸ਼ੀਲ ਲੜਕੀ ਦੀ ਲੋੜ ਹੈ। ਲੜਕੇ ਦੇ ਚਾਚਾ ਜੀ ਅਮਰੀਕਾ ਵਿਚ ਰਹਿ ਰਹੇ ਹਨ। ਹੋਰ ਜਾਣਕਾਰੀ ਲਈ ਚਾਹਵਾਨ ਸੰਪਰਕ ਕਰੋ: 209 242 3642

-------------------------

Suitable Match Required For RAVIDASIA
Beautiful & Smart Girl 03-11-90 Ht.5'-4"
M.Sc. Biotechnology. (IELTS 6 BAND)
Presently on Teaching job in Pvt.Inst. Contact NRI only.
Minimum Degree (Med/Non-Med/Engg.)
Doaba Area Preffered
Family Detail: Father: Civil Engineer, Mother: House Wife
2 Brothers: (Civil Engineers)
Cell: +91-9877505351, WhatsApp: +91-8054208733

* ਦੇਸ਼ ਦੁਆਬਾ ਵਿਚ ਹੁਣ ਤੱਕ ਛਾਪੇ ਜਾਂਦੇ ਰਹੇ ਮੈਟਰੀਮੋਨੀਅਲ, ਸਾਰੇ ਮੁਫਤ ਛਾਪੇ ਗਏ ਅਤੇ ਇਹ ਸਹੂਲਤ ਇਸ ਸਾਲ ਦੇ ਅਖੀਰ ਤੱਕ ਜਾਰੀ ਰਹੇਗੀ।
* ਸਬੰਧਤ ਧਿਰਾਂ ਵੱਲੋਂ ਦਿੱਤੀ ਜਾਂਦੀ ਜਾਣਕਾਰੀ ਲਈ ਉਹ ਖੁਦ ਜ਼ਿੰਮੇਵਾਰ ਹੋਣਗੀਆਂ, ਅਦਾਰਾ 'ਦੇਸ਼ ਦੁਆਬਾ' ਦੇ ਸਬੰਧਤ ਬੋਰਡ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

# ਸ਼ਿਕਾਗੋ ਦੇ ਹਸਪਤਾਲ 'ਚ ਗੋਲੀਬਾਰੀ; ਚਾਰ ਮੌਤਾਂ

ਸ਼ਿਕਾਗੋ- ਇੱਥੇ ਇਕ ਹਸਪਤਾਲ ਦੀ ਪਾਰਕਿੰਗ ਵਿਚ ਕੱਲ੍ਹ ਹੋਈ ਤਕਰਾਰ ਖੂਨੀ ਕਾਂਡ ਵਿਚ ਬਦਲ ਗਈ ਜਿਸ ਵਿਚ ਇਕ ਪੁਲੀਸ ਅਫ਼ਸਰ ਸਣੇ ਚਾਰ ਜਣੇ ਮਾਰੇ ਗਏ। ਪੁਲੀਸ ਸੁਪਰਡੈਂਟ ਐਡੀ ਜੌਨਸਨ ਨੇ ਪੱਤਰਕਾਰਾਂ ਨੂੰ ਦੱਸਿਆ '' ਇਸ ਘਟਨਾ ਵਿਚ ਚਾਰ ਜਣੇ ਮਾਰੇ ਗਏ ਹਨ: ਪੁਲੀਸ ਅਫ਼ਸਰ, ਹਸਪਤਾਲ ਦੀਆਂ ਦੋ ਮਹਿਲਾ ਕਰਮੀ ਅਤੇ ਹਮਲਾਵਰ।'' ਉਨ੍ਹਾਂ ਦੱਸਿਆ ਕਿ ਹਮਲਾਵਰ ਨੇ ਪਹਿਲਾਂ ਪਾਰਕਿੰਗ ਵਿਚ ਤਕਰਾਰ ਤੋਂ ਬਾਅਦ ਉਸ ਔਰਤ ਨੂੰ ਗੋਲੀ ਮਾਰੀ ਜਿਸ ਨਾਲ ਉਸ ਦੇ ਘਰੇਲੂ ਤਾਲੁਕਾਤ ਦੱਸੇ ਜਾਂਦੇ ਹਨ। ਫਿਰ ਉਸ ਨੇ ਪੁਲੀਸ 'ਤੇ ਗੋਲੀ ਚਲਾਈ ਤੇ ਅੰਦਰ ਵੜ ਗਿਆ। ਇਸ ਤੋਂ ਬਾਅਦ ਸਵੈਟ ਸਮੇਤ ਹੋਰ ਪੁਲੀਸ ਹਸਪਤਾਲ ਪੁੱਜ ਗਈ ਤੇ ਹਸਪਤਾਲ ਵਿਚ ਹਮਲਾਵਰ ਨੂੰ ਕਾਬੂ ਕਰਨ ਲਈ ਕਾਫ਼ੀ ਜੱਦੋਜਹਿਦ ਚਲਦੀ ਰਹੀ। ਇਸ ਦੌਰਾਨ ਹਮਲਾਵਰ ਨੇ ਐਲੀਵੇਟਰ 'ਤੇ ਚੜ੍ਹ ਰਹੀ ਇਕ ਹੋਰ ਔਰਤ ਨੂੰ ਗੋਲੀ ਮਾਰ ਦਿੱਤੀ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Services



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਵਲੇਹੋ 'ਚ ਧੰਨ ਧੰਨ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ




**ਵਲੇਹੋ (ਕੈਲੇਫੋਰਨੀਆ)–** ਬੀਤੇ ਐਤਵਾਰ 18 ਨਵੰਬਰ ਨੂੰ ਕੈਲੇਫੋਰਨੀਆ ਦੀ ਬੇ-ਏਰੀਆ ਸੰਗਤ ਨੇ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਬਹੁਤ ਸ਼ਰਧਾ ਪੂਰਵਕ ਮਨਾਇਆ ਜਿਸ ਵਿਚ ਬੇ-ਏਰੀਆ ਦੇ ਨਾਲ ਲੱਗਦੇ ਸ਼ਹਿਰਾਂ ਟਰੇਸੀ, ਸਟਾਕਟਨ, ਸੈਕਰਾਮੈਂਟੋ-ਪਿਟਸਬਰਗ ਅਤੇ ਯੂਬਾ ਸਿਟੀ ਆਦਿ ਸ਼ਹਿਰਾਂ ਤੋਂ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਗੁਰੂ ਵਾਲਮੀਕ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਉਪਰੋਕਤ ਸਮਾਗਮ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਡੈਨਫੋਲੇ ਕਲਚਰਲ ਸੈਂਟਰ ਵਲੇਹੋ (ਕੈਲੇਫੋਰਨੀਆ) ਵਿਖੇ ਕੀਤਾ ਗਿਆ, ਜਿਸ ਦੌਰਾਨ ਸਭ ਤੋਂ ਪਹਿਲਾਂ ਯੋਗ ਵਸ਼ਿਸ਼ਟ ਸਾਹਿਬ ਜੀ ਦੇ ਪਾਠ ਪੜ੍ਹੇ ਗਏ ਤੇ ਵੱਖ-ਵੱਖ ਕਲਾਕਾਰਾਂ ਨੇ ਸਤਿਗੁਰੂ ਵਾਲਮੀਕ ਜੀ ਦੀ ਮਹਿਮਾ 'ਚ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਘੇ ਗਾਇਕ ਸ੍ਰੀ ਭੁਪਿੰਦਰ ਭਿੰਦਾ ਨੇ ਸਟੇਜ ਦੀ ਸੇਵਾ ਨਿਭਾਉਂਦਿਆਂ ਜਿੱਥੇ ਖੁਦ ਵੀ ਧਾਰਮਿਕ ਗੀਤ ਗਾਏ, ਉਥੇ ਉਹਨਾਂ ਖੁਦ ਅਤੇ ਸ੍ਰੀ ਰਾਜ ਕੁਮਾਰ ਨੇ ਭਗਵਾਨ ਵਾਲਮੀਕ ਜੀ ਦੀ ਉਪਮਾ 'ਚ ਅਰਾਧਨਾ/ਅਰਦਾਸ ਸਰਬੱਤ ਦੇ ਭਲੇ ਲਈ ਕੀਤੀ। ਸ੍ਰੀ ਰਾਜ ਕੁਮਾਰ ਨੇ, 'ਸਤਿਸੰਗ ਦੇ ਵਿਚ ਵਹਿ ਕੇ ਸਤਿਸੰਗ ਗਾਈਦਾ' ਅਤੇ ਭੁਪਿੰਦਰ ਭਿੰਦਾ ਨੇ 'ਗੁਰੂ ਜੀ ਅੰਗੀਕਾਰ ਕਰੋ ਲੈ ਕੇ ਪ੍ਰੇਮ ਦਾ ਰੁਮਾਲਾ ਮੈਂ ਆਇਆ' ਆਦਿ ਸ਼ਬਦਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤਰ੍ਹਾਂ ਗਾਇਕ ਸ੍ਰੀ ਜੋਗਿੰਦਰ ਸਿੰਘ ਸ਼ੌਂਕੀ ਨੇ 'ਜੱਗ ਤੇ ਜੇ ਵਾਲਮੀਕ ਭਗਵਾਨ ਨਾ ਆਉਂਦਾ ਤਾਂ ਅੰਮ੍ਰਿਤ ਤਿਆਰ ਨਾ ਹੁੰਦਾ' ਆਦਿ ਧਾਰਮਿਕ ਗੀਤਾਂ ਨਾਲ ਹਾਜ਼ਰੀ ਲਗਾਈ।

ਇਹਨਾਂ ਦੇ ਨਾਲ ਜਿਹਨਾਂ ਸੰਗੀਤ ਦਾ ਸਹਿਯੋਗ ਕੀਤਾ, ਉਹਨਾਂ ਵਿਚ ਸਰਵਸ੍ਰੀ ਭੁਪਿੰਦਰ ਭਿੰਦਾ, ਬਲਵਿੰਦਰ ਬਿੰਦੀ, ਮਲਕੀਤ ਮੀਕਾ ਅਤੇ ਅੰਮ੍ਰਿਤਪਾਲ ਆਦਿ ਦੇ ਨਾਂ ਵਰਣਨਯੋਗ ਹਨ। ਸੋਢੀ ਨਾਹਰ ਨੇ ਯੋਗ ਵਸ਼ਿਸਟ ਸਾਹਿਬ ਜੀ ਦੇ ਪਾਠ ਪੜ੍ਹੇ ਅਤੇ ਮੁੱਖ ਤੌਰ 'ਤੇ ਸਮਾਗਮ ਦੀ ਵਾਗਡੋਰ ਕਮਿਊਨਿਟੀ ਆਗੂ ਸ੍ਰੀਮਾਨ ਕੇਵਲ ਸਿੱਧੂ ਜੀ ਨੇ ਬਾਖੂਬੀ ਨਾਲ ਨਿਭਾਈ।

ਅੱਜ ਦੇ ਇਸ ਵਿਸ਼ੇਸ਼ ਸਮਾਗਮ ਤੇ ਜਿਹਨਾਂ ਨੇ ਆਪੋ ਆਪਣੇ ਵਿਚਾਰਾਂ ਦੀ ਸਾਂਝ ਪਾਈ, ਉਹਨਾਂ ਵਿਚ ਸਰਵਸ੍ਰੀ ਕੇਵਲ ਸਿੱਧੂ, ਜਸਪਾਲ ਮਾਲੜੀ, ਪ੍ਰੇਮ ਕੁਮਾਰ ਚੁੰਬਰ, ਸੰਤੋਖ ਸਿੰਘ ਗਿੱਲ, ਤਿਲਕ ਰਾਜ ਬਾਲੂ, ਐਫ. ਸੀ. ਸਭਰਵਾਲ ਅਤੇ ਪ੍ਰੇਮ ਸੌਂਧੀ ਆਦਿ ਦੇ ਨਾਂ ਵਰਣਨਯੋਗ ਹਨ।

ਅੱਜ ਦੇ ਇਸ ਵਿਸ਼ੇਸ਼ ਭਗਵਾਨ ਵਾਲਮੀਕ ਪ੍ਰਗਟ ਦਿਵਸ ਮੌਕੇ ਸਾਰੇ ਹੀ ਬੁਲਾਰਿਆਂ ਨੇ ਸਮਾਜਿਕ, ਆਰਥਿਕ, ਰਾਜਨੀਤਿਕ ਤੇ ਧਾਰਮਿਕ ਪਹਿਲੂਆਂ ਦੇ ਨਾਲ-ਨਾਲ ਆਪਣੀ ਕੌਮ ਦੇ ਇਤਿਹਾਸ ਤੋਂ ਜਾਣੂ ਹੋਣ ਲਈ ਆਗਾਹ ਕੀਤਾ। ਦੇਸ਼-ਵਿਦੇਸ਼ 'ਚ ਵੱਧ ਰਹੇ ਭਾਈਚਾਰੇ 'ਚ ਇਕ-ਦੂਜੇ ਨੂੰ ਮਿਲ-ਜੁਲ ਕੇ ਸਹਿਯੋਗ ਕਰਨ ਲਈ ਪ੍ਰੇਰਿਆ।

ਕੁਝ ਬੁਲਾਰਿਆਂ ਦਾ ਇਹ ਵੀ ਕਹਿਣਾ ਸੀ ਕਿ ਇਤਿਹਾਸ ਮੁਤਾਬਕ ਭਗਵਾਨ ਵਾਲਮੀਕ ਜੀ ਪਹਿਲੇ ਪੜ੍ਹੇ-ਲਿਖੇ ਵਿਦਵਾਨ ਸਨ, ਜਿਹਨਾਂ ਇੰਨਾ ਸਮਾਂ ਪਹਿਲਾਂ ਯੋਗ ਵਸ਼ਿਸ਼ਟ/ਰਮਾਇਣ ਦੀ ਰਚਨਾ ਕੀਤੀ। ਸਾਨੂੰ ਆਪਣੇ ਬੱਚਿਆਂ ਨੂੰ ਉਚੀ ਤੋਂ ਉਚੀ ਤਾਲੀਮ ਸਿਖਾ ਕੇ ਉਚੇ ਉਚੇ ਅਹੁਦਿਆਂ ਤੇ ਲਿਜਾਣਾ ਹੈ। ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਉਚ ਵਿੱਦਿਆ ਵੱਲ ਇਸ਼ਾਰਾ ਕਰਦਿਆਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜੀਵਨ ਤੇ ਸੰਘਰਸ਼ ਨੂੰ ਸਮਝਣ ਲਈ ਉਹਨਾਂ ਦੀਆਂ ਲਿਖਤਾਂ ਨੂੰ ਪੜ੍ਹਨ ਲਈ ਕਿਹਾ ਅਤੇ ਇਸ ਦੇ ਨਾਲ ਹੀ ਸ੍ਰੀ ਚੁੰਬਰ ਨੇ ਮੀਡੀਏ ਦੀ ਤਾਕਤ ਨੂੰ ਸਮਝਣ ਲਈ ਕਿਹਾ। ਸ੍ਰੀ ਜਸਪਾਲ ਮਾਲੜੀ ਨੇ ਇਤਿਹਾਸ ਬਣਾਉਣ ਤੋਂ ਪਹਿਲਾਂ ਆਪਣੇ ਇਤਿਹਾਸ ਨੂੰ ਪੜ੍ਹਨ ਤੇ ਸਮਝਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਅਤੇ ਸ੍ਰੀ ਸੰਤੋਖ ਸਿੰਘ ਗਿੱਲ ਨੇ ਆਪਣੇ ਸਮਾਜ ਦੇ ਸੰਗਠਨਾਂ ਨੂੰ ਮਜਬੂਤ ਕਰਨ 'ਤੇ ਜ਼ੋਰ ਦਿੱਤਾ।

ਸ੍ਰੀ ਕੇਵਲ ਸਿੱਧੂ ਨੇ ਵਲੇਹੋ ਏਰੀਏ ਸੰਗਤ ਵੱਲੋਂ ਸਮੂਹ ਸੰਗਤ ਦਾ, ਕਲਾਕਾਰਾਂ ਤੇ ਬੁਲਾਰਿਆਂ ਦਾ ਹਰ ਤਰ੍ਹਾਂ ਸਹਿਯੋਗ ਕਰਨ ਲਈ ਧੰਨਵਾਦ ਕੀਤਾ ਅਤੇ ਪ੍ਰੇਮ ਸੌਂਧੀ ਪ੍ਰਧਾਨ ਨੇ ਯੂਬਾ ਸਿਟੀ ਦੇ ਸੰਗਤਾਂ ਵੱਲੋਂ ਦਿਲੀ ਹਾਰਦਿਕ ਵਧਾਈ ਦਿੱਤੀ। ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਪ੍ਰੋ. ਮਾਰਕ ਦੁਆਰਾ ਲਿਖਤ ਮਹੱਤਵਪੂਰਨ ਕਿਤਾਬ 'ਰਿਲੀਜੀਅਸ ਰੈਬਲਜ਼ ਇਨ ਪੰਜਾਬ' ਪ੍ਰਬੰਧਕਾਂ ਦੇ ਮੁਖੀ ਸ੍ਰੀ ਕੇਵਲ ਸਿੱਧੂ ਜੀ ਨੂੰ ਭੇਂਟ ਕੀਤੀ ਅਤੇ ਇਸ ਨੂੰ ਪੜ੍ਹਨ ਅਤੇ ਪੜ੍ਹਾਉਣ ਲਈ ਅਪੀਲ ਕੀਤੀ।

**(ਤਸਵੀਰਾਂ ਦੇਖੋ ਸਫਾ 13 'ਤੇ)**

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਦਾ ਹਫਤਾਵਾਰੀ ਸਮਾਗਮ










**ਫਰਿਜ਼ਨੋ–** ਬੀਤੀ 18 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਹਫਤਾਵਾਰੀ ਸਮਾਗਮ ਦੌਰਾਨ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਕੇਵਲ ਸਿੰਘ ਚੌਹਾਨ ਦੀ ਮਾਤਾ ਨਰਿੰਜਨ ਕੌਰ ਅਤੇ ਪਿਤਾ ਪਿਆਰਾ ਸਿੰਘ ਚੌਹਨ ਦੀ ਬਰਸੀ ਨੂੰ ਮੁੱਖ ਰੱਖਦਿਆਂ ਸੁਖਮਨੀ ਸਾਹਿਬ ਜੀ ਦੇ ਪਾਠ ਪੜ੍ਹੇ ਗਏ ਤੇ ਕੀਰਤਨ ਦੀਵਾਨ ਸਜਾਏ ਗਏ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਨੇ ਪਾਠ ਪੜ੍ਹੇ ਤੇ ਅਰਦਾਸਕੀਤੀ ਅਤੇ ਭਾਈ ਹਰਬਲਾਸ ਸਿੰਘ ਝਿੰਗੜ, ਮਹਿੰਦਰ ਸਿੰਘ ਕਾਹਲੋਂ ਤੋਂ ਇਲਾਵਾ ਭਾਈ ਇੰਦਰਜੀਤ ਅਤੇ ਅਮਨਜੋਤ ਸਿੰਘ (ਕਿਡਜ਼) ਨੇ ਸ਼ਬਦ ਗਾਇਨ ਕੀਤਾ ਅਤੇ ਸ੍ਰੀ ਰਜਿੰਦਰ ਮੋਮੀ ਚੇਅਰਮੈਨ ਨੇ ਸਭ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 2 ਦਸੰਬਰ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਅਤੇ 6 ਦਸੰਬਰ ਨੂੰ ਡਾ. ਅੰਬੇਡਕਰ ਜੀ ਦਾ ਪ੍ਰੀਨਿਰਵਾਣ ਦਿਵਸ ਮੌਕੇ ਸੰਗਤ ਨੂੰ ਗੁਰੂ ਘਰ ਹਾਜ਼ਰੀਆਂ ਭਰਨ ਲਈ ਬੇਨਤੀ ਕੀਤੀ। ਇਸ ਮੌਕੇ ਆਸਟ੍ਰੇਲੀਆ ਤੋਂ ਆਏ ਸ੍ਰੀ ਗੁਰਦੀਪ ਸਿੰਘ ਅਤੇ ਉਹਨਾਂ ਦੀ ਸੁਪਤਨੀ ਅਮਨਜੀਤ ਕੌਰ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਲੰਗਰ ਦੀ ਸੇਵਾ ਚੌਹਾਨ ਅਤੇ ਜਨਾਗਲ ਪਰਿਵਾਰਾਂ ਵੱਲੋਂ ਕੀਤੀ ਗਈ। ਸਟੇਜ ਦੀ ਸੇਵਾ ਸ੍ਰੀ ਅਮਰ ਦੜੌਚ ਨੇ ਨਿਭਾਈ।

# Raja SWEETS & CATERING



AUTHORIZED CATERER FOR MAJOR 5-STAR HOTELS

**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ




ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com



# INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

ਦੇਸ਼ ਦੁਆਬਾ

# 1984 ਦੇ ਦੋਸ਼ੀਆਂ ਨੂੰ ਸਖਤ ਸਜ਼ਾ

ਬਹੁਤ ਲੰਮੇ ਅਰਸੇ ਬਾਅਦ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਨਾਲ ਜੁੜੇ ਦੂਹਰੇ ਹੱਤਿਆਕਾਂਡ ਵਿਚ ਇਤਿਹਾਸਕ ਫੈਸਲਾ ਸੁਣਾਇਆ ਹੈ। ਅਦਾਲਤ ਨੇ ਇਸ ਨੂੰ ਅਤੀ ਗੰਭੀਰ ਮੰਨਦੇ ਹੋਏ ਇਕ ਦੋਸ਼ੀ ਨੂੰ ਮੌਤ ਦੀ ਸਜ਼ਾ ਅਤੇ ਦੂਜੇ ਨੂੰ ਅਤੀ ਗੰਭੀਰ ਦੱਸਿਆ ਹੈ। ਪਿਛਲੇ 34 ਸਾਲਾਂ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਦਿੱਲੀ ਸਿੱਖ ਕਤਲੇਆਮ ਦੇ ਕਿਸੇ ਦੋਸ਼ੀ ਨੂੰ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੋਵੇ। ਸਿੱਖਾਂ ਦੇ ਜ਼ਖ਼ਮਾਂ ਤੇ ਮੱਲ੍ਹਮ ਲਗਾਉਣ ਦੀ ਇਸ ਨੂੰ ਇਕ ਕੋਸ਼ਿਸ਼ ਹੀ ਨਹੀਂ ਕਿਹਾ ਜਾ ਸਕਦਾ ਬਲਕਿ ਭਾਰਤ ਵਿਚ ਵੱਧ ਰਹੀ ਹਿੰਸਕ ਭੀੜਾਂ ਦੀ ਭਿਆਨਕ ਹਿੰਸਾ ਲਈ ਵੀ ਇਹ ਇਕ ਸਖਤ ਸੰਦੇਸ਼ ਹੈ। ਦਿੱਲੀ ਦੰਗਿਆਂ ਦੀ ਜਾਂਚ ਲਈ ਹੁਣ ਤੱਕ ਬਹੁਤ ਸਾਰੀਆਂ ਵਿਸ਼ੇਸ਼ ਜਾਂਚ ਟੀਮਾਂ, ਕਮਿਸ਼ਨ, ਕਮੇਟੀਆਂ ਬਣੀਆਂ, ਪਰ ਨਤੀਜਾ ਜ਼ੀਰੋ ਰਿਹਾ ਹੈ। ਅਹੂਜਾ ਕਮੇਟੀ ਦੀ ਰਿਪੋਰਟ ਮੁਤਾਬਕ ਦਿੱਲੀ ਵਿਚ 1984 ਵਿਚ 2733 ਸਿੱਖ ਮਾਰੇ ਗਏ ਸਨ, ਜਦਕਿ ਗੈਰ ਸਰਕਾਰੀ ਤੌਰ ਤੇ ਮਰਨ ਵਾਲਿਆਂ ਦੀ ਗਿਣਤੀ ਕਿਤੇ ਜ਼ਿਆਦਾ ਦੱਸੀ ਜਾਂਦੀ ਹੈ। ਇਸ ਦੌਰਾਨ ਜਾਨ-ਮਾਲ ਦਾ ਬਹੁਤ ਭਾਰੀ ਨੁਕਸਾਨ ਹੋਇਆ ਸੀ ਪਰ ਦੋਸ਼ੀਆਂ ਦੀ ਪਛਾਣ ਕਦੀ ਹੋਈ ਅਤੇ ਕਦੀ ਨਾ ਹੋਈ। ਫਿਰ ਵੀ ਦੋ ਦੋਸ਼ੀਆਂ ਨੂੰ ਅਜਿਹੀ ਸਖਤ ਸਜ਼ਾ ਹੋਣ ਨਾਲ ਬਾਕੀ ਦੋਸ਼ੀਆਂ ਦੀ ਨੀਂਦ ਜ਼ਰੂਰ ਉਡੇਗੀ। ਅਦਾਲਤ ਨੇ ਪਿਛਲੇ ਬੁੱਧਵਾਰ ਨੂੰ ਹੀ ਮਹੀਪਾਲਪੁਰ ਵਾਸੀ ਨਰੇਸ਼ ਸਹਿਰਾਵਤ ਅਤੇ ਯਸ਼ਪਾਲ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਸੀ। ਇਹਨਾਂ ਉਤੇ 1 ਨਵੰਬਰ 1984 ਨੂੰ ਦੱਖਣੀ ਦਿੱਲੀ ਦੇ ਮਹੀਪਾਲਪੁਰ ਇਲਾਕੇ ਵਿਚ ਹਰਦੇਵ ਸਿੰਘ ਅਤੇ ਅਵਤਾਰ ਸਿੰਘ ਦਾ ਕਤਲ ਕਰਨ ਦੇ ਦੋਸ਼ ਸਨ। ਇਹ ਮਾਮਲਾ ਹਰਦੇਵ ਸਿੰਘ ਦੇ ਭਰਾ ਸੰਤੋਖ ਸਿੰਘ ਦੁਆਰਾ ਦਾਇਰ ਕੀਤੀ ਸ਼ਿਕਾਇਤ ਤੇ ਦਰਜ ਕੀਤਾ ਗਿਆ ਸੀ। ਪਹਿਲਾਂ ਸਬੂਤਾਂ ਦੀ ਘਾਟ ਦੇ ਕਾਰਨ ਦਿੱਲੀ ਪੁਲਿਸ ਨੇ ਇਹ ਕੇਸ ਬੰਦ ਕਰ ਦਿੱਤਾ ਸੀ। ਸੰਤੋਖ ਸਿੰਘ ਨੇ 1986 ਵਿਚ ਜਸਟਿਸ ਰੰਗਨਾਥ ਕਮਿਸ਼ਨ ਕੋਲ ਵੀ ਐਫੀਡੈਵਿਟ ਦਿੱਤਾ ਸੀ। ਫਿਰ ਕਈ ਉਤਰਾਅ-ਚੜ੍ਹਾਅ ਆਏ ਅਤੇ ਇਹ ਕੇਸ ਆਪਣੇ ਟੀਚੇ ਤੱਕ ਪੁੱਜਿਆ। ਸੰਤੋਖ ਸਿੰਘ ਨੇ ਇਸ ਕੇਸ ਨੂੰ ਸਿਰੇ ਲਾਉਣ ਲਈ ਪੁਰਜ਼ੋਰ ਮਿਹਨਤ ਕੀਤੀ, ਕਈ ਮੁਸ਼ਕਿਲਾਂ ਅਤੇ ਧਮਕੀਆਂ ਦਾ ਵੀ ਸਾਹਮਣਾ ਕੀਤਾ ਪਰ ਉਹ ਡੋਲਿਆ ਨਹੀਂ। ਖ਼ੈਰ, ਦੇਰ ਆਏ ਦਰੁੱਸਤ ਆਏ। ਇਸ ਫੈਸਲੇ ਨਾਲ ਉਹਨਾਂ ਅਨਸਰਾਂ ਨੂੰ ਜ਼ਰੂਰ ਡਰ ਲੱਗਣ ਲੱਗ ਜਾਵੇਗਾ, ਜਿਹੜੇ ਉਕਸਾਵੇ ਵਿਚ ਆ ਕੇ ਨਿਰਦੋਸ਼ ਲੋਕਾਂ ਦੇ ਕਤਲ ਤੱਕ ਕਰ ਦਿੰਦੇ ਹਨ। ਭਾਰਤ ਵਿਚ ਹਾਲ ਹੀ ਵਿਚ ਅਜਿਹੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਕਈ ਵਾਰ ਤਾਂ ਹਿੰਸਕ ਭੀੜਾਂ ਨੇ ਪੜ੍ਹੇ-ਲਿਖੇ ਜ਼ਿੰਮੇਵਾਰ ਲੋਕਾਂ ਦੇ ਕਤਲ ਵੀ ਕੀਤੇ ਹਨ। ਇਸ ਫੈਸਲੇ ਨਾਲ ਅਜਿਹੇ ਲੋਕਾਂ ਨੂੰ ਸਬਕ ਜ਼ਰੂਰ ਮਿਲੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖ਼ੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਬਾਬੇ ਨਾਨਕ ਦੀ ਵੱਡੀ ਕਰਾਮਾਤ ਨੀਚਾਂ ਨੂੰ ਊਚ ਕਰਨਾ?



ਇੱਕ ਓਅੰਕਾਰ ਦਾ ਉਪਦੇਸ਼ ਦੇ ਕੇ, ਬਾਬੇ ਨਾਨਕ ਨੇ ਮੰਨੂੰ ਵਰਗੇ ਮੁਤੱਸਬੀ ਪੁਜਰੀ ਬਾਮਣਾਂ ਅਤੇ ਮੁਲਾਣਿਆਂ ਵੱਲੋਂ ਦੁਰਕਾਰੇ, ਆਰਥਿਕ ਪੱਖੋਂ ਕਮਜੋਰ ਲੋਗਾਂ, ਜਿਨ੍ਹਾਂ ਨੂੰ ਇਹ ਨੀਚ ਬਣਾ ਜਲੀਲ ਕਰਦੇ, ਬਰਾਬਰ ਸਤਿਕਾਰਦੇ ਹੋਏ, ਫੁਰਮਾਨ ਜਾਰੀ ਕੀਤਾ-ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ਼॥(੧੫) ਪਹਿਲ ਕਦਮੀ ਕਰਦੇ ਨੀਚ ਜਾਤ ਮੰਨੇ ਗਏ ਭਾਈ ਮਰਦਾਨਾ ਜੀ ਨੂੰ ਆਪਣਾ ਭਾਈ ਬਣਾ ਨਿਵਾਜਿਆ। ਭਾਈ ਲਾਲੋ ਕਿਰਤੀ ਤਰਖਾਣ ਦੀ ਕੋਧਰੇ ਦੀ ਰੋਟੀ ਅੰਮ੍ਰਿਤ ਕਹਿ ਖਾਣੀ ਅਤੇ ਉੱਚਜਾਤੀ ਮਲਕ ਭਾਗੋ ਦੇ ਮਾਲ ਪੂੜੇ ਪਕਵਾਨ ਭਰੀ ਸਭਾ ਵਿੱਚ ਠੁਕਰਾਉਣੇ ਇਸੇ ਕੜੀ ਦਾ ਹਿੱਸਾ ਹਨ। ਧਾਰਮਿਕ ਕਠੜਵਾਦ ਤੋਂ ਉੱਪਰ ਉੱਠ, ਮੰਦਰਾਂ, ਮਸਜਦਾਂ ਅਤੇ ਜੋਗੀ ਮੱਠਾਂ, ਹਿੰਦੂ ਤੀਰਥਾਂ ਅਤੇ ਮੁਸਲਮਾਨਾਂ ਦੇ ਮੱਕੇ ਆਦਿਕ ਧਰਮ ਅਸਥਾਨਾਂ 'ਤੇ ਜਾ ਕੇ ਦ੍ਰਿੜਤਾ ਨਾਲ ਕਹਿਣਾ ਹਿੰਦੂ-ਮੁਸਲਮਾਨ ਆਦਿਕ ਵਾਲੇ ਝਗੜੇ ਛੱਡੋ, ਅਸੀਂ ਸਾਰੇ ਇਨਸਾਨ ਹਾਂ। ਗੁਰੂ ਨਾਨਕ ਦੇ ਪੰਜਵੇਂ ਜਾਂਨਸ਼ੀਨ ਗੁਰੂ ਅਰਜਨ ਸਾਹਿਬ ਨੇ ਵੀ ਇਸ ਦੀ ਪ੍ਰੋੜਤਾ ਕਰਦੇ ਫੁਰਮਾਇਆ-ਨਾ ਹਮ ਹਿੰਦੂ ਨਾ ਮੁਸਲਮਾਨ॥ ਅਲਾਹ ਰਾਮ ਕੇ ਪਿੰਡੁ ਪਰਾਨ॥ (1136) ਉਪ੍ਰੋਕਤ ਸਭ ਨੂੰ ਸਭ ਥਾਂਵਾਂ ਤੇ ਜਾ ਕੇ ਸਾਂਝਾ ਉਪਦੇਸ਼ ਦਿੱਤਾ ਕਿ-ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧) ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥(੨੬੮) ਸਾਡਾ ਸਭ ਦਾ ਮਾਤਾ ਪਿਤਾ ਇੱਕ ਤੇ ਅਸੀਂ ਸਾਰੇ ਉਸੇ ਦੇ ਪੈਦਾ ਕੀਤੇ ਬੱਚੇ ਬੱਚੀਆਂ ਹਾਂ।

ਆਓ ਅਖੌਤੀ ਜਾਤ-ਪਾਤ ਊਚ ਨੀਚ ਬਾਰੇ ਗੁਰੂ ਬਾਬਾ ਨਾਨਕ ਦੇ ਜਾਂਨਸ਼ੀਨਾਂ ਅਤੇ ਰੱਬੀ ਭਗਤਾਂ ਦੇ ਉਪਦੇਸ਼ ਵੀ ਵੀਚਾਰੀਏ। ਇਸ ਜਾਤਿ-ਪਾਤਿ ਤੇ ਵਰਣ-ਵੰਡ ਦਾ ਭਰਵਾਂ ਖੰਡਣ ਭਾਵੇਂ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਵਰਗੇ ਕ੍ਰਾਂਤੀਕਾਰੀ ਭਗਤਾਂ ਅਤੇ ਸੂਫੀ ਫਕੀਰਾਂ ਨੇ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਬੜੀ ਤਨਦੇਹੀ ਨਾਲ ਕਰਦੇ ਹੋਏ ਕਿਹਾ ਕਿ-ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭਿ ਬੰਦੇ॥ਏਕੁ ਨੂਰ ਤੇ ਸਭਿ ਜਗ ਉਪਜਿਆ ਕਉਣ ਭਲੇ ਕਉਣ ਮੰਦੇ॥(੧੩੪੯) ਜੌ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥ ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥ ਕਹੁ ਕਬੀਰ ਜੋ ਬ੍ਰਹਮ ਬੀਚਾਰੈ॥ ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ(੩੨੪) ਭਾਵ ਜੇ ਤੂੰ ਉਚ ਜਾਤੀ ਸੀ ਅਤੇ ਤੂੰ ਬ੍ਰਾਹਮਣੀ ਦੇ ਪੇਟ ਤੋਂ ਪੈਦਾ ਹੋਇਆ ਸੀ ਤਾਂ ਜਿਸ ਰਸਤੇ ਔਰਤ ਹੋਰਨਾਂ ਨੂੰ ਜਨਮ ਦਿੰਦੀ ਹੈ ਤੂੰ ਉਸ ਰਸਤੇ ਕਿਊਂ ਪੈਦਾ ਹੋਇਆ? ਤੇਰਾ ਪੈਦਾ ਹੋਣ ਦਾ ਰਸਤਾ ਵੀ ਹੋਰ ਹੋਣਾ ਚਾਹੀਦਾ ਸੀ।ਸਾਡੇ ਵਿੱਚ ਕਿਵੇਂ ਲਹੂ ਤੇ ਤੇਰੇ ਵਿੱਚ ਦੁੱਧ ਹੈ? ਭਾਵ ਸਾਰੀ ਸ੍ਰਿਸ਼ਟੀ ਦੇ ਮਨੁੱਖਾਂ ਅੰਦਰ ਖੂਨ ਲਾਲ ਰੰਗ ਦਾ ਹੀ ਹੈ ਜੋ ਤੇਰੇ ਵਿੱਚ ਤੇ ਸਾਡੇ ਵਿੱਚ ਵੀ ਲਾਲ ਹੈ ਫਿਰ ਤੂੰ ਬ੍ਰਾਹਮਣ ਤੇ ਅਸੀਂ ਸ਼ੂਦਰ ਕਿਵੇਂ ਹੋਏ? ਸਾਡੇ ਵਿੱਚ ਤਾਂ ਬ੍ਰਹਮ ਦੀ ਵਿਚਾਰ ਕਰਨ ਵਾਲਾ ਹੀ ਬ੍ਰਾਮਣ ਮੰਨਿਆਂ ਜਾਂਦਾ ਹੈ। ਇਉਂ ਭਗਤਾਂ ਨੇ ਜਾਤਿ-ਪਾਤਿ ਵਿਰੁੱਧ ਪ੍ਰਚਾਰ ਕੀਤਾ ਪਰ ਬੋਲ ਬਾਲਾ ਬ੍ਰਾਹਮਣ ਦਾ ਹੋਣ ਕਰਕੇ ਅਤੇ ਬ੍ਰਾਹਮਣ ਮੁਗਲੀਆ ਹਕੂਮਤ ਦਾ ਝੋਲੀ ਚੁੱਕ ਹੋਣ ਕਰਕੇ ਵਕਤੀਆ ਹਕੂਮਤ ਦੇ ਕੰਨ ਇਨ੍ਹਾਂ ਕ੍ਰਾਂਤੀਕਾਰੀ ਭਗਤਾਂ ਵਿਰੁੱਧ ਭਰੇ ਕਿ ਇਹ ਲੋਕ ਹਕੂਮਤ ਲਈ ਖਤਰਾ ਹਨ ਇਨ੍ਹਾਂ ਦੀ ਬੁਲੰਦ ਅਵਾਜ਼ ਨੂੰ ਇੱਥੇ ਹੀ ਦਬਾ ਦਿੱਤਾ ਜਾਵੇ। ਇਵੇਂ ਹਕੂਮਤ ਕੋਲੋਂ ਸੱਚ ਦੇ ਮੁਤਲਾਸ਼ੀਆਂ ਨੂੰ ਤਸੀਹੇ ਵੀ ਦਵਾਏ। ਇਨ੍ਹਾਂ ਦੇ ਇਤਿਹਾਸ ਵਿੱਚ ਵੀ ਰਲਾ ਪਾ ਦਿੱਤਾ ਗਿਆ ਅਗਰ ਗੁਰੂ ਨਾਨਕ ਸਾਹਿਬ ਇਨ੍ਹਾਂ ਭਗਤਾਂ ਦੀ ਰਚਨਾ ਨਾਂ ਸੰਭਾਲਦੇ ਤਾਂ ਉਹ ਵੀ ਇਨ੍ਹਾਂ ਜਾਤਿ ਅਭਿਮਾਨੀਆਂ ਨੇ ਰੱਦੂ-ਬੱਦੂ ਕਰ ਦੇਣੀ ਸੀ ਜੋ ਬਾਬੇ ਨਾਨਕ ਨੇ ਪੋਥੀ ਸਾਹਿਬ ਵਿੱਚ ਸੰਭਾਲ ਲਈ ਅਤੇ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤੀ।



ਅਵਤਾਰ ਸਿੰਘ ਮਿਸ਼ਨਰੀ
510-432-5827

ਕੀ ਸਾਡੇ ਪ੍ਰਮਾਤਮਾਂ ਵੀ ਵੱਖਰੇ-ਵੱਖਰੇ ਹਨ? ਕੀ ਊਚ-ਨੀਚ, ਜਾਤਾਂ-ਪਾਤਾਂ ਨੂੰ ਮੰਨਣ ਵਾਲੇ ਪ੍ਰਮਾਤਮਾਂ ਦੀ ਜਾਤਿ ਦੱਸ ਸਕਦੇ ਹਨ? ਜੇ ਨਹੀਂ ਤਾਂ ਪ੍ਰਮਾਤਮਾਂ ਦੀ ਪੈਦਾ ਕੀਤੀ ਮਨੁੱਖਾ ਜਾਤਿ (ਇਨਸਾਨੀਅਤ) ਨੂੰ ਵਰਣ-ਵੰਡ ਵਿੱਚ ਵੰਡ ਕੇ ਕਿਉਂ ਮਨੁੱਖਤਾ ਦੀਆਂ ਵੰਡੀਆਂ ਪਾਈ ਜਾ ਰਹੇ ਹਨ? ਗੁਰੂ ਸਾਹਿਬ ਤਾਂ ਕਹਿ ਰਹੇ ਹਨ ਕਿ-ਜਾਤਿ ਕਾ ਗਰਬੁ ਨ ਕਰਿ ਮੂਰਖ ਗਾਵਾਰਾ॥ ਇਸੁ ਗਰਬ ਤੇ ਚਲਹਿ ਬਹੁਤਿ ਵਿਕਾਰਾ॥(੧੧੨੭) ਹੇ ਮੂਰਖ ਗਵਾਰ ਤੂੰ ਉੱਚੀ ਜਾਤਿ ਦਾ ਹੰਕਾਰ ਕਿਉਂ ਕਰਦਾ ਹੈਂ ਜੋ ਬਹੁਤੇ ਵਿਕਾਰਾਂ ਨੂੰ ਪੈਦਾ ਕਰਦਾ ਹੈ। ਜਾਤੀ ਦੈ ਕਿਆ ਹਥਿ ਸਚਿ ਪਰਖੀਐ॥ ਮਹੁਰਾ ਹੋਵੈ ਹਥਿ ਮਰੀਐ ਚਖੀਐ॥(੧੪੨) ਗੁਰੂ ਜੀ ਦੋ ਟੂਕ ਫੈਸਲਾ ਕਰਦੇ ਹਨ ਕਿ ਉੱਚੀ ਜਾਤਿ ਵਾਲੇ ਦੇ ਹੱਥ ਵਿੱਚ ਜੇ ਜ਼ਹਿਰ ਹੈ ਤਾਂ ਚੱਖਣ ਤੇ ਉਹ ਮਰੇਗਾ ਹੀ ਇਹ ਨਹੀ ਕਿ ਉੱਚੀ ਜਾਤਿ ਉਸ ਨੂੰ ਬਚਾ ਲਵੇਗੀ।

ਸਾਰੀ ਮਨੁੱਖਤਾ ਵਿੱਚ ਰੱਬ ਦੀ ਹੀ ਜੋਤਿ ਹੈ ਜੋ ਇਨਸਾਨੀ ਏਕਤਾ ਦਾ ਅਕੱਟ ਸਬੂਤ ਦੇ ਰਹੀ ਹੈ-ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥(੬੬੩) ਪ੍ਰਭੂ ਨੂੰ ਭੁਲਣ ਵਾਲਾ ਹੀ ਕਮਜਾਤਿ ਹੈ ਅਤੇ ਨਾਮ ਵਿਹੂਣਾ ਹੀ ਨੀਵੀਂ ਜਾਤਿ ਵਾਲਾ ਹੈ-ਖਸਮ ਵਿਸਾਰਹਿ ਤੇ ਕਮਜਾਤਿ॥ਨਾਨਕ ਨਾਵੈ ਬਾਝੁ ਸਨਾਤਿ॥(੩੪੯) ਗੁਰੂ ਰਾਮਦਾਸ ਜੀ ਨੇ ਉਨ੍ਹਾਂ ਭਗਤਾਂ ਦਾ ਜਿਕਰ ਕੀਤਾ ਜਿਨ੍ਹਾਂ ਨੂੰ ਜਾਤਿ ਅਭਿਮਾਨੀ ਬ੍ਰਾਹਮਣ ਆਦਿਕ ਨੀਚ ਜਾਤਿ ਕਹਿ ਕੇ ਦੁਰਕਾਰਦੇ ਅਤੇ ਉਨ੍ਹਾਂ ਦਾ ਪ੍ਰਛਾਵਾਂ ਤੱਕ ਲੈਣਾ ਮਾੜਾ ਸਮਝਦੇ ਸਨ। ਉਹ ਰੱਬ ਦਾ ਨਾਮ ਜਪ ਕੇ ਅਤੇ ਚੰਗੇ ਕਰਮ ਕਰਕੇ ਉੱਚੇ-ਸੁੱਚੇ ਹੋ ਗਏ, ਲੋਕ ਉਨ੍ਹਾਂ ਦੀ ਸੇਵਾ ਅਤੇ ਸੰਗਤਿ ਕਰਨ ਲੱਗ ਪਏ, ਰੱਬ ਨੇ ਉਨ੍ਹਾਂ ਦੀ ਕੋਈ ਨੀਵੀ ਜਾਤਿ ਨਾ ਦੇਖੀ ਸਗੋਂ ਉਨ੍ਹਾਂ ਨੂੰ ਆਪਣੀ ਗਲਵਕੜੀ ਵਿੱਚ ਲੈ ਪਿਆਰ ਕੀਤਾ-ਨੀਚ ਜਾਤਿ ਹਰਿ ਜਪਦਿਆ ਉਤਮ ਪਦਵੀ ਪਾਇ॥ ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥ ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥ ਪਤਿਤ ਜਾਤਿ ਉਤਮ ਭਇਆ ਚਾਰਿ ਵਰਨ ਪਏ ਪਗਿ ਆਇ॥੨॥ ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥ ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥੩॥(੭੩੩) ਸੋ ਭਗਤਾਂ ਤੇ ਗੁਰੂ ਸਾਹਿਬਾਨਾਂ ਜਾਤਿ-ਪਾਤਿ ਤੇ ਵਰਣ-ਵੰਡ ਦੀ ਛੂਆ-ਛਾਤ ਨੂੰ ਉਕਾ ਹੀ ਕਬੂਲ ਨਾ ਕਰਦਿਆਂ ਹੋਇਆਂ ਸਾਂਝੀਆਂ ਸੰਗਤਾਂ ਤੇ ਪੰਗਤਾਂ ਕਾਇਮ ਕੀਤੀਆਂ, ਇੱਕ ਥਾਂ ਰਲ ਕੇ ਇਸ਼ਨਾਨ ਕਰਨ ਲਈ ਸਰੋਵਰ ਬਣਵਾਏ, ਸਰਬਸਾਂਝੇ ਧਰਮ ਅਸਥਾਂਨ ਬਣਾਏ ਤੇ ਕਿਹਾ-ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੇ ਨਾ ਦਿਸਹਿ ਬਾਹਰਾ ਜੀਉ॥(੯੭)

ਅੱਜ ਸਾਡੇ ਧਾਰਮਿਕ ਤੇ ਰਾਜਨੀਤਿਕ ਆਗੂ ਜਾਤਿ-ਪਾਤਿ ਦੇ ਜਾਲ ਵਿੱਚ ਫਸ ਕੇ ਬਾਕੀਆਂ ਨੂੰ ਵੀ ਗੁਮਰਾਹ ਕਰ ਰਹੇ ਹਨ ਜਿਵੇਂ ਬੇਦੀ-ਸੋਢੀ ਅਜੀ ਅਸੀਂ ਗੁਰੂ ਨਾਨਕ ਦੀ ਕੁਲ ਵਿੱਚੋਂ ਹਾਂ, ਅਸੀਂ ਸੋਢੀ ਕੁਲ ਦੇ ਹਾਂ, ਅਸੀਂ ਭੱਲੇ ਹਾਂ ਗੁਰੂ ਕੁਲਾਂ ਪੂਜਣਯੋਗ ਹਨ।ਜਿਸ ਗੁਰੂ ਨੇ ਕਿਸੇ ਜਾਤਿ ਕੁਲ ਨੂੰ ਕੋਈ ਮਾਨਤਾ ਹੀ ਨਾ ਦਿੱਤੀ ਹੋਵੇ, ਉਹ ਪੂਜਣਯੋਗ ਕਿਵੇਂ ਹੋ ਗਈ? ਜੋ ਗੁਰੂ ਦੀ ਜਾਤਿ ਉਹ ਹੀ ਗੁਰੂ ਦੇ ਸਿੱਖ ਦੀ ਜਾਤਿ। ਕੀ ਬੇਦੀ ਤੇ ਸੋਢੀ ਹੀ ਗੁਰੂ ਕੁਲ ਵਿੱਚੋਂ ਤੇ ਬਾਕੀ ਗੁਰੂ ਤੋਂ ਵੱਖਰੇ ਹਨ? ਨਹੀਂ ਅਸੀਂ ਸਾਰੇ ਹੀ ਗੁਰੂ ਦੇ ਸਿੱਖ ਹਾਂ ਨਾ ਕਿ ਬੇਦੀਆਂ ਸੋਢੀਆਂ ਦੇ। ਅੱਜ ਅਸੀਂ ਬੜੇ ਫਕਰ ਨਾਲ ਕਹਿੰਦੇ ਹਾਂ ਇਹ ਜੱਟ ਸਿੱਖ, ਇਹ ਮਜ਼ਬੀ ਸਿੱਖ, ਓਹ ਰਵਿਦਾਸੀਆ ਸਿੱਖ, ਇਹ ਛੀਂਬਾ, ਓਹ ਨਾਈ ਸਿੱਖ ਅਤੇ ਇਹ ਰਾਮਗੜੀਏ ਸਿੱਖ, ਅਸੀਂ ਨਾਮਧਾਰੀ ਸਿੱਖ ਹਾਂ। ਜਿਵੇਂ ਬ੍ਰਾਹਮਣ ਸ਼ੂਦਰਾਂ ਤੋਂ ਨਫਰਤ ਕਰਦਾ ਸੀ ਇਵੇਂ ਹੀ ਅਸੀਂ ਅੱਜ ਇੱਕ ਦੂਜੇ ਤੋਂ ਕਰ ਰਹੇ ਹਾਂ ਇਸਦਾ ਪ੍ਰਤੱਖ ਸਬੂਤ ਅਸੀਂ ਧਰਮ ਅਸਥਾਨ ਵੀ ਵੱਖਰੀਆਂ-ਵੱਖਰੀਆਂ ਜਾਤਾਂ ਬਰਦਰੀਆਂ ਦੇ ਨਾਮ ਤੇ ਬਣਾਏ ਹੋਏ ਹਨ। ਲੜਕੇ ਲੜਕੀ ਦਾ ਰਿਸ਼ਤਾ ਕਰਨ ਵੇਲੇ ਸੌ ਜਾਤਿ ਬਰਾਦਰੀ ਪੁੱਛਦੇ ਹਾਂ ਇਥੋਂ ਤੱਕ ਕਿ ਸਿੱਖੀ ਧਾਰਨ ਕਰਕੇ ਵੀ, ਸਾਡੀ ਜਾਤਿ-ਪਾਤਿ ਵਾਲੀ ਨਫਰਤ ਨਹੀਂ ਜਾਂਦੀ, ਕਿਉਂ?

ਖਾਸ ਕਰਕੇ ਸਿੱਖਾਂ ਵਿੱਚ ਜੱਟ ਬਰਾਦਰੀ ਵਿੱਚ ਜਾਤਿ-ਪਾਤਿ ਸਿਖਰਾਂ 'ਤੇ ਹੈ। ਪਹਿਲੀ ਤਾਂ ਗੱਲ ਜੱਟ ਕਹੀਆਂ ਜਾਂਦੀਆਂ ਨੀਵੀਆਂ ਜਾਂ ਦਲਿਤ ਜਾਤਾਂ ਵਿੱਚ ਰਿਸ਼ਤੇ-ਨਾਤੇ ਕਰਦੇ ਹੀ ਨਹੀਂ, ਜੇ ਕਿਸੇ ਅਤਿ ਮਜਬੂਰੀ ਕਾਰਨ ਕਰਨਾ ਹੀ ਪੈ ਜਾਵੇ ਤਾਂ ਲੜਕੀ ਦਾ ਕਦੇ ਨਹੀਂ ਕਰਗੇ, ਲੜਕਾ ਭਾਵੇਂ ਬਾਗੀ ਹੋ ਕੇ ਕਰ ਲਵੇ। ਜੱਟਾਂ ਦੇ ਪਿੰਡਾਂ ਵਿੱਚ ਵੀ ਦਲਿਤਾਂ ਭਾਵ ਮੰਨੀਆਂ ਗਈਆਂ ਨੀਵੀਆਂ ਜਾਤਾਂ ਦੀਆਂ ਬਸਤੀਆਂ ਵੱਖਰੀਆਂ ਰੱਖੀਆਂ ਜਾਂਦੀਆਂ ਅਤੇ ਖੇਤਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਕਮੀਨ-ਕਾਂਦੂ ਕਿਹਾ ਜਾਂਦਾ ਹੈ। ਨਿਹੰਗ ਸਿੰਘ ਜੋ ਆਪਣੇ ਆਪ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਆਖਦੇ ਹਨ, ਖੰਡੇ ਦੀ ਪਹੁਲ ਦਲਿਤਾਂ ਨੂੰ ਚੌਥੇ ਪੌੜੀਏ ਕਹਿ, ਅਲੱਗ ਬਾਟੇ ਵਿੱਚ ਦਿੰਦੇ ਨੇ, ਬਾਣਾ ਸਿੰਘਾਂ ਦਾ ਕਰਮ-ਕਰਤੂਤ ਜਾਤਿ ਅਭਿਮਾਨੀ ਬ੍ਰਾਹਮਣਾਂ ਵਾਲੀ। ਉੱਤੋਂ-ਉੱਤੋਂ ਸਾਡੇ ਬਹੁਤੇ ਪ੍ਰਚਾਰਕ ਤੇ ਪ੍ਰਬੰਧਕ ਸਟੇਜਾਂ 'ਤੇ ਜਰੂਰ-ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧) ਦਾ ਹੋਕਾ ਦਿੰਦੇ ਹਾਨ ਪਰ ਪ੍ਰੈਕਟੀਕਲ ਰੂਪ ਵਿੱਚ ਗੁਰੂ ਦਾ ਹੁਕਮ ਮੰਨ, ਜਾਤਿ-ਪਾਤਿ ਦੇ ਕੋਹੜ ਨੂੰ ਛੱਡਦੇ ਨਹੀਂ। ਹਾਂ ਜੇ ਕਿਤੇ ਕੋਈ ਲੜਕੀ ਲੜਕਾ ਜਾਤਿ ਬਰਾਦਰੀ ਤੋਂ ਉੱਪਰ ਉੱਠ ਕੇ ਗੁਣਾਂ ਅਤੇ ਪ੍ਰੇਮ ਦੇ ਅਧਾਰ ਤੇ ਰਿਸ਼ਤਾ ਕਰ ਵੀ ਲੈਂਦਾ ਹੈ ਤਾਂ ਅਸੀਂ ਮਾਂ-ਬਾਪ ਉਸ ਨੂੰ ਕਬੂਲ ਹੀ ਨਹੀਂ ਕਰਦੇ ਸਗੋਂ ਲੜਕੇ ਲੜਕੀ ਨੂੰ ਕਤਲ ਕਰਨ ਤੱਕ ਚਲੇ ਜਾਂਦੇ ਹਾਂ ਕਿਉਂ? ਪ੍ਰਚੱਲਤ ਕਹਾਵਤ ਅਨੁਸਾਰ "ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਣ ਦੇ ਹੋਰ" ਭਾਵ ਕਹਿੰਦੇ ਕੁਛ ਤੇ ਕਰਦੇ ਕੁਛ ਹੋਰ ਹਾਂ। ਉੱਤੋਂ-ਉੱਤੋਂ ਗੁਰੂ ਨੂੰ ਮੱਥਾ ਵੀ ਟੇਕਦੇ, ਪੂਜਾ-ਪਾਠ ਵੀ ਕਰਦੇ, ਗੁਰੂ ਵਾਲੇ ਅੰਮ੍ਰਿਤਧਾਰੀ ਵੀ ਅਖਵਾਉਂਦੇ ਹਾਂ ਪਰ ਗੱਲ ਬਾਮਣ ਗੁਰੂ ਦੀ ਮੰਨਦੇ ਹਾਂ ਪਰ-ਕਬੀਰ ਬਾਮਨੁ ਗੂਰੂ ਹੈ ਜਗਤ ਕਾ ਭਗਤਨ ਕਾ ਗੁਰ ਨਾਹਿ॥ਅਰਝਿ ਉਰਝਿ ਕੇ ਪਚਿ ਮੂਆ ਚਾਰੋਂ ਬੇਦੋਂ ਮਾਹਿ॥(੧੩੭੭) ਜਾਤਾਂ ਪਾਤਾਂ ਨੂੰ ਮੰਨਣ ਤੇ ਧਾਰਨ ਵਾਲਿਓ ਦੱਸੋ ਅਸੀਂ ਬਾਮਣ ਦੇ ਸਿੱਖ ਹਾਂ ਜਾਂ ਗੁਰੂ ਦੇ? ਜੋ ਗੁਰੂ ਦਾ ਹੁਕਮ ਹੀ ਨਹੀਂ ਮੰਨਦਾ ਉਹ ਗੁਰੂ ਦਾ ਸਿੱਖ ਕਿਵੇਂ ਹੋ ਸਕਦਾ ਹੈ? ਅੱਜ ਹੁਕਮ ਅਸੀਂ ਗੁਰੂ ਨੁਮਾਂ ਭੇਖੀ ਸਾਧਾਂ-ਸੰਤਾਂ, ਅਖਾਉਤੀ ਜਥੇਦਾਰਾਂ, ਆਪੋ ਆਪਣੀਆਂ ਜਾਤੀ ਪਾਰਟੀਆਂ ਦਾ ਮੰਨਦੇ ਹਾਂ, ਗੁਰੂ ਨੂੰ ਤਾਂ ਐਵੇਂ ਲੋਕ ਦਿਖਾਵੇ ਖਾਤਿਰ ਸੀਸ ਨਿਵਾਉਂਦੇ ਹਾਂ-ਸੀਸ ਨਿਵਾਇਐ ਕਿਆ ਥੀਏ ਜਾਂ ਰਿਦੈ ਕਸੁਧੇ ਜਾਹਿ॥(੪੭੦) ਗੁਰੂ ਹੁਕਮ ਨਾਂ ਮੰਨਣਾ ਲੋਕ ਦਿਖਾਵਾ ਨਹੀਂ ਤਾਂ ਹੋਰ ਕੀ ਹੈ? ਇਨ੍ਹਾਂ ਸਤਰਾਂ ਦਾ ਲਿਖਾਰੀ ਇਕੱਲਾ ਲਿਖ ਹੀ ਨਹੀਂ ਰਿਹਾ ਪ੍ਰੈਕਟੀਕਲ ਰੂਪ ਵਿੱਚ ਵੀ ਜਾਤਿ-ਪਾਤਿ ਦੇ ਕੋਹੜ ਨੂੰ ਛੱਡ ਚੁੱਕਾ ਅਤੇ ਕਰਤਾਰ ਪਾਸ ਅਰਦਾਸ ਕਰਦਾ ਹੈ ਕਿ ਉਹ ਜਾਤਿ ਅਭਿਮਾਨੀਆਂ ਨੂੰ ਵੀ ਸੁਮਤਿ ਬਖਸ਼ੇ! ਜੋ ਊਚ-ਨੀਚ ਦੇ ਕੋਹੜ ਨੂੰ ਸਦਾ ਲਈ ਗੁਰੂ ਦਾ ਹੁਕਮ ਮੰਨਦੇ ਹੋਏ ਤਿਆਗ ਦੇਣ।

ਇਉਂ ਬਾਬੇ ਨਾਨਕ, ਉਨ੍ਹਾਂ ਦੇ ਜਾਨੀਸ਼ਨਾਂ ਅਤੇ ਰੱਬੀ ਭਗਤਾਂ ਨੇ, ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇ, ਸਭ ਨੂੰ ਇੱਕ ਪਿਤਾ ਦੇ ਬੱਚੇ-ਬੱਚੀਆਂ ਦਰਸਾਉਂਦੇ ਹੋਏ, ਨੀਚਾਂ ਨੂੰ ਆਪਣਾ ਭਾਈ ਬਣਾ, ਊਚ ਕਰ ਦਿੱਤਾ। ਸਾਰੇ ਇੱਕ ਥਾਂ ਖਾ ਪੀ, ਸੰਗਤ ਵਿੱਚ ਬਾਣੀ ਪੜ੍ਹ ਵਿਚਾਰ ਅਤੇ ਕੰਮ ਕਰ ਸਕਦੇ ਹਨ।

ਇਸ ਲਈ ਸੰਗਤ-ਪੰਗਤ-ਲੰਗਰ, ਸਰਬਸ਼ਾਂਝੀਆਂ ਧਰਮਸ਼ਾਲਾਵਾਂ ਅਤੇ ਸਰਾਵਾਂ ਬਣਵਾਈਆਂ, ਸਰੋਵਰ, ਬੌਲੀਆਂ, ਅਤੇ ਖੂਹ ਲਗਵਾਏ ਜਿੱਥੇ ਸਾਰੇ ਨਹਾ ਅਤੇ ਪਾਣੀ ਪੀ ਸਕਦੇ ਸਨ।

ਅੱਜ ਗੁਰੂ ਬਾਬੇ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਇਆ ਤਾਂ ਹੀ ਮੁਬਾਰਕ ਹੈ ਜੇ ਅਸੀਂ ਉਨ੍ਹਾਂ ਦੇ ਉਪਦੇਸ਼ਾਂ ਨੂੰ, ਆਪਣੇ ਰੋਜ਼ਾਨਾਂ ਜੀਵਨ ਵਿੱਚ ਧਾਰਨ ਕਰੀਏ ਅਤੇ ਜਾਤ-ਪਾਤ, ਊਚ-ਨੀਚ ਵਾਲੇ ਨਫਰਤੀ ਕੋਹੜ ਨੂੰ ਆਪਣੀ ਮਾਨਸਿਕਤਾ ਤੋਂ ਗੁਰੂ ਗਿਆਨ ਦੇ ਨਸ਼ਤਰ ਨਾਲ ਕੱਟ ਕੇ ਲਾਹ ਸੁੱਟੀਏ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# "ਦੀਵਾਲੀ ਧਮਾਕਾ 2018" ਨੇ ਗਾਇਕੀ ਲਾਈਆਂ ਰੌਣਕਾਂ ਅਤੇ ਫਰਿਜ਼ਨੋ ਡਰੀਮਜ਼ ਦਾ ਸੁਪਨਾ ਕੀਤਾ ਸਾਕਾਰ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਰੋਜ਼ਾਨਾ ਕੰਮਾਂ-ਕਾਰਾਂ ਦੇ ਰੁਝੇਵਿਆਂ ਵਿੱਚ ਰੁੱਝੇ ਵਿਦੇਸਾ ਵਿੱਚ ਵਸਦੇ ਪੰਜਾਬੀ ਭਾਈਚਾਰੇ ਨੂੰ ਹਮੇਸਾ ਤਾਂਘ ਰਹਿੰਦੀ ਹੈਕਿ ਚੰਗੇ ਸਾਹਿੱਤਕ ਅਤੇ ਪਰਿਵਾਰਕ ਵੰਨਗੀ ਦੇ ਗੀਤਾਂ ਨੂੰ ਸੁਣਿਆ ਜਾਵੇ। ਭਾਰਤ ਤੋਂ ਬੁਲਾਏ ਕਲਾਕਾਰ ਬਹੁਤੀ ਵਾਰ ਉਨ੍ਹਾਂ ਦੀਆ ਉਮੀਦਾ 'ਤੇ ਪੂਰੇ ਨਹੀਂ ਉਤਰਦੇ। ਇਸੇ ਲਈ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਸੁਪਨੇ ਨੂੰ "ਆਸੀਆਨਾ ਟਰੈਵਲ" ਦੇ ਸੰਸਥਾਪਕ ਤਰਨਜੀਤ ਸਿੰਘ ਦੁਆਰਾਂ ਜਸਵੰਤ ਮਹਿੰਮੀ ਦੇ ਸਹਿਯੋਗ ਨਾਲ ਬਣਾਏ ਗਰੁੱਪ 'ਫਰਿਜ਼ਨੋ ਡਰੀਮਜ਼' ਦੇ ਕਲਾਕਾਰਾਂ ਨੇ ਆਪਣੇ ਪਲੇਠੇ ਪ੍ਰੋਗਰਾਮ 'ਦੀਵਾਲੀ ਧਮਾਕਾ' ਰਾਹੀ ਸਾਕਾਰ ਕਰ ਇਕ ਨਵਾਂ ਮੀਲ ਪੱਥਰ ਗੱਡ ਦਿੱਤਾ। ਇਲਾਕੇ ਦਾ ਇਹ ਪਹਿਲਾ ਅਜਿਹਾ ਪ੍ਰੋਗਰਾਮ ਸੀ ਜਿਸ ਨੂੰ ਫਰਿਜ਼ਨੋ ਦੇ 'ਵੈਟਰਨ ਮੈਮੋਰੀਅਲ ਆਡੀਟੋਰੀਅਮ' ਵਿੱਚ ਕਰਵਾਇਆ ਗਿਆ ਸੀ। ਇਲਾਕੇ ਦਾ ਸਫਲ ਪਹਿਲਾ ਪ੍ਰੋਗਰਾਮ ਹੈ ਜਿਸ ਵਿੱਚ ਸਾਢੇ ਚਾਰ ਘੰਟੇ ਤੋਂ ਵਧੀਕ ਬੈਠ ਸ੍ਰੋਤਿਆਂ ਨੇ ਭਰਪੂਰ ਅਨੰਦ ਮਾਣਿਆ। ਜਿਸ ਦੀ ਸੁਰੂਆਤ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਕੀਤੀ। ਇਸ ਉਪਰੰਤ ਸੱਤ ਸਾਲ ਦੇ ਛੋਟੇ ਬੱਚੇ ਅਮਨਜੋਤ ਨੇ ਗਾਇਕੀ ਵੱਡੇ ਧਮਾਕੇ ਕਰ ਸਭ ਦਾ ਮਨ ਮੋਹ ਲਿਆ। ਅਦਾਕਾਰਾ ਸਾਹਿਬਾ ਨੇ ਸਟੇਜ ਤੋਂ ਪੇਸ਼ਕਾਰੀ ਕਰਦੇ ਹੋਏ ਆਪਣੇ ਗੀਤਾਂ 'ਤੇ ਅਦਾਕਾਰੀ ਰਾਹੀ ਬਾਲੀਵੁੱਡ ਦਾ ਰੰਗ ਪੇਸ਼ ਕੀਤਾ। ਇਸ ਬਾਅਦ ਚੱਲਿਆ ਪੰਜਾਬੀ ਗਾਇਕੀ ਦਾ ਖੁੱਲਾ ਅਖਾੜਾ। ਜਿਸ ਵਿੱਚ ਪੰਜਾਬੀਅਤ




ਦੇ ਮਾਣ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ, ਗਾਇਕ ਅਕਾਸਦੀਪ ਅਕਾਸ਼, ਗਾਇਕਾ ਜੋਤ ਰਣਜੀਤ, ਗਾਇਕ ਰਾਜੇਸ਼ ਰਾਜੂ, ਗਾਇਕ ਅਵਤਾਰ ਗਰੇਵਾਲ, ਗਾਇਕ ਅਤੇ ਅਦਾਕਾਰ ਬੱਲੂ ਸਿੰਘ, ਅਦਾਕਾਰ ਅਤੇ ਗਾਇਕ ਸੁਰਜੀਤ ਮਾਛੀਵਾੜਾ, ਗੀਤਕਾਰ ਸੁੱਖਪਾਲ ਔਜ਼ਲਾ, ਸੰਗੀਤਕਾਰ ਜੱਸ ਵਡਾਲੀ ਆਦਿਕ ਬਹੁਤ ਸਾਰੇ ਗਾਇਕਾ ਸੱਭਿਆਚਾਰਕ ਅਤੇ ਪਰਿਵਾਰਕ ਗੀਤਾਂ ਰਾਹੀ ਖੂਬ ਰੰਗ ਬੰਨੇ। ਪ੍ਰੋਗਰਾਮ ਦੇ ਅੰਤਿ ਵੱਚ ਗਾਇਕਾ ਅਤੇ ਪ੍ਰਬੰਧਕਾਂ ਨੇ ਰਲ ਬੋਲੀਆਂ ਪਾਉਂਦੇ ਹੋਏ ਖ਼ੁਸ਼ੀ-ਖੁਸ਼ੀ ਸਮਾਪਤ ਕੀਤਾ। ਅੰਤ ਪ੍ਰੋਗਰਮ ਦੇ ਮੁੱਖ ਪ੍ਰਬੰਧਕ ਤਰਨਜੀਤ ਨੇ ਸਮੂੰਹ ਹਾਜ਼ਰੀਨ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸੇ ਪ੍ਰੋਗਰਾਮ ਦੌਰਾਨ ਇਕ 'ਤਰਕਸ਼ ਏਅਰ ਲਾਈਨ' ਦੀ ਫਸ਼ਟ ਕਲਾਸ ਏਅਰ ਟਿਕਟ, ਇਕ ਇਕਨੌਮੀ ਕਲਾਸ ਦੀ ਏਅਰ ਟਿਕਟ, ਦੁਨੀਆਂ ਦੇਕਿਸੇ ਵੀ ਕੋਨੇਵਿੱਚ ਫਾਈਵ ਸਟਾਰ ਹੋਟਲ ਵਿੱਚ ਦੋ ਦਿਨ ਦੀ ਫਰੀ ਰਿਹਾਇਸ, ਅਤੇ ਹੋਰ ਬਹੁਤ ਸਾਰੇ ਕੀਮਤੀ ਰੈਂਫਲ ਡਰਾਅ ਕੱਢੇ ਗਏ। ਇਸੇ ਦੌਰਾਨ ਵਿਸ਼ੇਸ਼ ਸਪਾਂਸ਼ਰਸਿਪ ਲਈ 'ਮਾਊਟਿਨ ਮਾਈਕ ਪੀਜਾਂ' ਫਰਿਜ਼ਨੋ ਦੇ ਮਾਲਕ ਸ੍ਰੀਮਤੀ ਰਾਜਵੰਤ ਬੇਦੀ ਅਤੇ ਸ੍ਰੀ ਮਾਨ ਤਾਰਕ ਬੇਦੀ ਦਾ ਸਨਮਾਨ ਕੀਤਾ ਗਿਆ।

ਇਸੇ ਤਰ੍ਹਾਂ ਭਾਰਤ ਤੋਂ ਆਏ ਪੱਤਰਕਾਰ ਸਵਰਨ ਸਿੰਘ ਦਾਨੇਵਾਲੀਆਂ ਦਾ ਵੀ ਪੰਜਾਬੀਅਤ ਲਈ ਵਿਸ਼ੇਸ਼ ਸੇਵਾਵਾ ਬਦਲੇ ਸਨਮਾਨ ਕੀਤਾ ਗਿਆ। ਇਸ ਸਮੇਂ ਪੰਜਾਬੀ ਪੁਸਤਕਾ ਦਾ ਪ੍ਰਦਰਸ਼ਨੀ ਅਤੇ ਸਟਾਲ ਵੀ ਲੁਧਿਆਣੇ ਤੋਂ ਆਏ ਸਤੀਸ਼ ਗੁਲਾਟੀ ਵੱਲੋਂ ਲਾਇਆਂਗਿਆ ਸੀ।

ਸਟੇਜ਼ ਸੰਚਾਲਨ ਬੀਬੀ ਆਸ਼ਾ ਸ਼ਰਮਾ ਅਤੇਗੱਲ ਪਰਦੀਪ ਨੇ ਸ਼ਾਇਰਾਨਾ ਅੰਦਾਜ਼ ਵਿੱਚ ਬਾ-ਖੂਬੀ ਕੀਤਾ। ਸਮੁੱਚੇ ਪ੍ਰੋਗਰਾਮ ਦਾ ਲਾਵੀਵ ਪ੍ਰਸਾਰਣ 'ਗਰਵ ਪੰਜਾਬ' ਟੀ.ਵੀ. ਰਾਹੀ ਟੀ.ਵੀ. ਚੈਨਲ ਅਤੇ ਸ਼ੋਸ਼ਲ ਮੀਡੀਏ 'ਤੇ ਦੁਨੀਆ ਭਰ ਵਿੱਚ ਕੀਤਾ ਗਿਆ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ 'ਫਰਿਜ਼ਨੋ ਡਰੀਮਜ' ਦੇ ਪ੍ਰਬੰਧਕ ਅਤੇ ਕਲਾਕਾਰ ਵਧਾਈ ਦੇ ਪਾਤਰ ਹਨ।

# ਅਮਰੀਕੀ ਸਿੱਖਕੈਬ ਡਰਾਈਵਰ ਗਗਨਦੀਪ ਸਿੰਘ ਨੂੰ ਮਾਰਨ ਦੇ ਦੋਸ਼ੀ ਨੇ ਦੋਸ਼ ਕਬੂਲਿਆ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਵਾਸ਼ਿੰਗਟਨ ਦੇ ਇਕ ਵਿਅਕਤੀ ਨੂੰ ਉੱਤਰੀ ਇਡਾਹੋ ਵਿੱਚ ਵਾਸ਼ਿੰਗਟਨ ਕੈਬ ਡਰਾਇਵਰ ਦੇ ਕਤਲ ਦੀ ਮੌਤ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਹੈ। ਬੋਨਰ ਕਾਊਂਟੀ ਦੀ ਰਿਪੋਰਟ ਚ ਕਿਹਾ ਗਿਆ ਹੈ ਕਿ ਇਸਤਗਾਸਾ ਧਿਰ ਨੇ 21 ਸਾਲ ਦੇ ਜੈਕਬ ਕੋਰਬਨ ਕੋਲਮੈਨ ਦੀ ਮੌਤ ਦੀ ਸਜ਼ਾ ਨੂੰ ਘਟਾ ਦਿੱਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਕੋਲਮੈਨ ਨੇ ਅਗਸਤ 2017 ਵਿਚ ਇਕ ਕੈਬ ਅਤੇ ਸਪੋਕੇਨ ਦੇ ਵਸਨੀਕ 22 ਸਾਲਾ ਗਗਨਦੀਪ ਸਿੰਘ ਨੇ ਸਪੋਕੇਨ ਇੰਟਰਨੈਸ਼ਨਲ ਏਅਰਪੋਰਟ 'ਤੋਂ ਚੁੱਕਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਕੋਲਮੈਨ ਨੇ ਪੁਲਸ ਨੂੰ ਦੱਸਿਆ ਕਿ ਉਹ ਇੱਕ ਆਤਮਘਾਤੀ ਹੋ ਗਿਆ ਸੀ ਅਤੇ ਇੱਕ ਸਟੋਰ 'ਤੇ ਸਟਾਪ ਦੌਰਾਨ ਇੱਕ ਚਾਕੂ ਖਰੀਦਿਆ। ਪੁਲੀਸ ਮੁਤਾਬਕ ਕਹਾਣੀ ਇਵੇਂ ਹੋਈ ਕਿ ਕੋਲੇਮੈਨ ਗੋਨਜੇਗਾ ਯੂਨੀਵਰਸਿਟੀ ਦੀਆਂ ਕਲਾਸਾਂ ਲਈ ਸਿਆਟਲ ਤੋਂ ਸਪੋਕੇਨ ਪਹੁੰਚਿਆ, ਪਰ ਉਸਨੂੰ ਦਾਖਲਾ ਨਹੀਂ ਮਿਲਿਆ ਫਿਰ ਉਸਨੇ ਬੱਸ ਵਾਪਸ ਹਵਾਈ ਅੱਡੇ ਤੋਂ ਲੈ ਲਈ, ਅਤੇ ਉਸ ਨੂੰ ਉਬਰ ਟੈਕਸੀ ਨਹੀਂ ਮਿਲੀ ਤਾਂ ਕੋਲਮੈਨ ਨੇ ਇਕ ਹੋਰ ਟੈਕਸੀ ਕੰਪਨੀ ਦੀ ਕਾਰ ਬੁਲਾ ਲਈ ਅਤੇ ਜਿਸਨੇ ਸਿੰਘ ਨੂੰ ਭੇਜਿਆ ਤੇ



ਕਰੀਬ 75 ਮੀਲ ਦੀ ਸਫ਼ਰ 'ਤੇ ਕੋਲਮੈਨ ਨੇ ਸਿੰਘ ਨੂੰ ਕਿਹਾ ਕਿ ਉਹ ਉਸਨੂੰ ਵਾਲਮਾਰਟ ਸਟੋਰ ਵਿਚ ਲਾਹ ਦੇਵੇ ਉੱਥੇ ਉਸ ਨੇ ਇਕ ਸ਼ਿਕਾਰ ਕਰਨ ਵਾਲਾ ਚਾਕੂ ਖਰੀਦਿਆ ਦੋਵਾਂ ਫਿਰ ਸਫਰ ਜਾਰੀ ਰੱਖਿਆ, ਅਤੇ ਕਲਾਰਕ, ਇਡਾਹੋ ਵਿਚ ਇਕ ਕੋਨੋਕੋ ਗੈਸ ਸਟੇਸ਼ਨ 'ਤੇ ਰੋਕ ਲਿਆ ਜਿੱਥੇ ਕੋਲੇਮਨ ਨੇ ਸਿੰਘ' ਤੇ ਚਾਕੂ ਨਾਲ ਹਮਲਾ ਕੀਤਾ ਤੇ ਗਗਨਦੀਪ ਸਿੰਘ ਦੀ ਮੌਤ ਹੋ ਗਈ।ਇਸ ਮੋਕੇ ਪੁਲਿਸ ਨੇ ਕੋਲੇਮੈਨ ਨੂੰ ਕੈਬ ਵਿਚੋਂ ਚਾਕੂ ਨਾਲ ਮ੍ਰਿਤਕ ਸਿੰਘ ਨਾਲ ਰੰਗੇ ਹੱਥੀ ਫੜਿਆ।ਕੋਲਮੈਨ ਨੇ ਪੁਲਿਸ ਜਾਂਚਕਾਰਾਂ ਨੂੰ ਕਿਹਾ ਸੀ: "ਮੈਂ ਉਸ ਤੇ ਇੱਕ ਜੰਗਲੀ ਜਾਨਵਰ ਵਾਂਗ ਹਮਲਾ ਕੀਤਾ."ਕੈਬ ਡਰਾਈਵਰ ਗਗਨਦੀਪ ਸਿੰਘ ਦੇ ਅੰਤਮ ਸੰਸਕਾਰ 'ਤੇ ਸੈਕੜੇ ਲੋਕਾਂ ਤੋਂ ਇਲਾਵਾ ਦਰਜਨਾਂ ਕੈਬ-ਡ੍ਰਾਈਵਰਜ਼ ਨੇ ਸ਼ਰਧਾਂਜਲੀ ਭੇਟ ਕੀਤੀ। ਉਸ ਨੇ ਸਾਲ ਬਾਅਦ ਵਿੱਚ ਨਿਊ ਓਰਲੀਨਜ਼ ਵਿੱਚ ਯੂਨੀਵਰਸਿਟੀ ਵਿੱਚ ਜਾਣਾ ਸੀ।

ਕੈਬ ਡਰਾਈਵਰ ਗਗਨਦੀਪ ਸਿੰਘ ਦਾ ਜਨਮ 31 ਮਾਰਚ 1995 ਨੂੰ ਜਲੰਧਰ ਵਿਚ ਹੋਇਆ ਸੀ. ਉਹ ਆਪਣੇ ਪਰਿਵਾਰ ਨਾਲ 2003 ਵਿੱਚ ਸਿਆਟਲ ਆ ਗਿਆ, ਫਿਰ 2007 ਵਿੱਚ ਸਪੋਕੇਨ ਰਹਿਣ ਲੱਗ ਗਿਆ।

# ਨਵੇਂ ਵਰ੍ਹੇ 'ਤੇ 'ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ' ਦਾ '6ਵਾਂ ਛਣਕਾਟਾ ਵੰਗਾਂ ਦਾ' ਪ੍ਰੋਗਰਾਮ 6 ਜਨਵਰੀ ਨੂੰ

## ਸਮੂਹ ਪੰਜਾਬੀਆਂ ਨੂੰ ਸੱਭਿਆਚਾਰਕ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ- ਗਾਖਲ

**ਫਰੀਮਾਂਟ (ਬਿਓਰੋ)–** ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮ-ਰੀਕਾ ਦੇ ਮੁੱਖ ਸਰਪ੍ਰਸਤ ਸ੍ਰ. ਅਮੋਲਕ ਸਿੰਘ ਗਾਖਲ ਨੇ 'ਇੱਕੀ ਇੰਟਰਨੈਸ਼ਨਲ ਐਂਟਰੇਟਨਮੈਂਟ ਇੰਕ.,' ਵਲੋਂ ਐੱਸ.ਅਸ਼ੋਕ. ਭੌਰਾ ਦੀ ਅਗਵਾਈ ਵਿਚ ਕਰਵਾਏ ਜਾਂਦੇ ਨਵੇਂ ਵਰ੍ਹੇ 'ਤੇ ਵਿਸ਼ੇਸ਼ ਪ੍ਰੋਗਰਾਮ 'ਛਣਕਾਟਾ ਵੰਗਾਂ' ਦੀ ਤਾਰੀਫ ਕਰਦਿਆਂ ਕਿਹਾ ਕਿ ਇਹ ਨਿਰੋਲ ਸੱਭਿਆਚਾਰਕ ਅਤੇ ਸਿਹਤਮੰਦ ਸੰਗੀਤਕ ਪ੍ਰੋਗਰਾਮ ਕਰੀਬ ਅੱਧੇ ਦਹਾਕੇ ਤੋਂ ਪੰਜਾਬੀਆਂ 'ਚ ਬੇਹੱਦ ਹਰਨਮਨਪਿਆਰਾ ਅਤੇ ਸਲਾਹਿਆ ਜਾਂਦਾ ਹੈ ਉਨ੍ਹਾਂ ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਸ੍ਰ. ਮੱਖਣ ਸਿੰਘ ਬੈਂਸ ਵਲੋਂ ਇਸ



ਪ੍ਰੋਗਰਾਮ ਨੂੰ ਦਿੱਤੇ ਜਾਂਦੇ ਸਹਿਯੋਗ ਦਾ ਵੀ ਉਚੇਚਾ ਜ਼ਿਕਰ ਕੀਤਾ ਤੇ ਸ੍ਰ. ਬੈਂਸ ਦੇ ਹੀ ਪੈਰਾਡਾਈਜ਼ ਬਾਲਰੂਮ ਵਿਚ ਛੇਵਾਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ 6 ਜਨਵਰੀ 2019 ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਇਆ ਜਾ ਰਿਹਾ ਹੈ। ਖਾਸ ਗੱਲ ਇਹ ਹੈ ਕਿ ਅਲਾਪ ਗਰੁੱਪ ਦੇ ਚੰਨੀ ਸਿੰਘ ਵਰਗੇ ਕਲਕਾਰ ਅਤੇ ਮਰਦਾਨਗੀ ਦਿੱਖ ਵਿਚ ਗਾਉਣ ਵਾਲੀਆਂ ਕੁੜੀਆਂ ਹਰਮਨਦੀਪ ਅਤੇ ਮੋਨਾ ਸਿੰਘ ਇਕ ਛਣਕਾਟੇ ਦਾ ਮਹੱਤਵਪੂਰਨ ਹਿੱਸਾ ਬਣਨਗੀਆਂ ਜਦੋਂਕਿ ਪਹਿਲੀ ਵਾਰ ਹੈ ਕਿ ਯੂਸੀ ਡੇਵਿਸ ਦੀ ਗਿੱਧਾ ਟੀਮ ਅਤੇ 'ਬੇ-ਏਰੀਆ ਧਮਕ' ਦੀਆਂ ਟੀਮਾਂ ਗਿੱਧਾ ਪੇਸ਼ ਕਰਨਗੀਆਂ। ਅਜੇ ਭੰਗੜਾ ਅਕੈਡਮੀ ਦਾ ਭੰਗੜਾ ਅਤੇ ਪਰਮਜੀਤ ਧਾਲੀਵਾਲ ਦੀ ਅਗਵਾਈ ਹੇਠ ਮਲਵਈ ਬਾਬਿਆਂ ਦਾ ਗਿੱਧਾ ਵੀ ਪਹਿਲੀ ਵਾਰ ਹੀ ਪੇਸ਼ ਕੀਤਾ ਜਾਵੇਗਾ। ਸ੍ਰ. ਗਾਖਲ ਨੇ ਇਸ ਪਰਿਵਾਰਕ ਪ੍ਰੋਗਰਾਮ ਵਿਚ ਸਮੂਹ ਪੰਜਾਬੀਆਂ ਨੂੰ ਬੱਚਿਆਂ ਸਮੇਤ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਪਿਛਲੇ 40 ਸਾਲਾਂ ਤੋਂ ਸ਼ੌਂਕੀ ਮੇਲੇ ਤੋਂ ਲੈ ਕੇ ਹੁਣ ਤੱਕ ਸੱਭਿਅਚਾਰਕ ਸਰਗਰਮੀਆਂ 'ਚ ਰੁੱਝੇ ਰਹੇ ਐੱਸ.ਅਸ਼ੋਕ.ਭੌਰਾ ਦਾ ਪ੍ਰੋਗਰਾਮ ਪੇਸ਼ਕਾਰੀ ਅਤੇ ਵੇਖਣ 'ਚ ਸੱਚੀਂ ਮੁੱਚੀਂ ਹੀ ਰੰਗਾਰੰਗ ਜਾਣਕਿ ਕਲਰਫੁੱਲ ਵੀ ਹੋਵੇਗਾ। ਹੋਰ ਜਾਣਕਾਰੀ ਲਈ 510-695-4836 'ਤੇ ਸੰਪਰਕ ਕੀਤਾ ਜਾ ਸਕਦਾ ਹੈ।











ਮਜਦੂਰ ਸੰਸਥਾ ਦੇ ਸੰਸਥਾਪਕ ਅਤੇ ਦਿੱਲੀ ਪੁਲਿਸ ਦੇ ਰਿਟਾਇਰਡ ਏ. ਸੀ. ਪੀ. ਜਿਸਦੀ ਉਮਰ ਹੁਣ 70 ਸਾਲ ਹੈ, ਗਰੀਬ ਮਜ਼ਦੂਰ ਪਰਿਵਾਰ ਵਿਚ ਜਨਮੇ ਸ੍ਰੀ ਜੀ. ਸੀ. ਸੱਲ੍ਹਣ ਸਾਹਿਬ ਜਿਹਨਾਂ ਨੇ ਆਪਣੀ ਮਾਂ ਨੂੰ ਮਜ਼ਦੂਰੀ ਕਰਦੇ ਦੇਖਿਆ ਅਤੇ ਮਜ਼ਦੂਰੀ ਕਰ ਕੇ ਪੜ੍ਹਾਇਆ, ਅੱਜ ਇੰਨੇ ਵੱਡੇ ਅਹੁਦੇ ਤੋਂ ਰਿਟਾਇਰਡ ਹੋਣ ਦੇ ਬਾਵਜੂਦ ਮਜ਼ਦੂਰਾਂ ਦੇ ਲਈ ਦਿਨ-ਰਾਤ ਕਰਕੇ ਉਹਨਾਂ ਦੇ ਹੱਕਾਂ, ਅਧਿਕਾਰਾਂ, ਉਹਨਾਂ ਦੇ ਸ਼ੋਸ਼ਣ ਦੇ ਖਿਲਾਫ ਆਵਾਜ਼ ਬੁਲੰਦ ਕਰ ਰਹੇ ਹਨ। **–ਪਰਵੀਨ ਭਟੋਆ**


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com

# ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦਾ ਸ਼ਹੀਦੀ ਸਮਾਗਮ ਸਾਨਫਰਾਂਸਿਸਕੋ ਵਿਚ ਹੋਇਆ

## ਯੁਗਾਂਤਰ ਆਸ਼ਰਮ ਦੀ ਮੁੜ ਉਸਾਰੀ ਅਤੇ ਗਦਰ ਪਾਰਟੀ ਦਿਨ ਮਨਾਉਣ ਦੇ ਮਤੇ ਪਾਸ






ਰਿਪੋਰਟ ਅਤੇ ਤਸਵੀਰਾਂ- ਹਰਜਿੰਦਰ ਢੇਸੀ



**ਸਾਨਫਰਾਸਿਸਕੋ–** ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਜਾਨਾਂ ਨਿਛਾਵਰ ਕਰਨ ਵਾਲਿਆ ਵਿਚੋਂ ਸਭ ਤੋਂ ਛੋਟੀ ਉਮਰ ਦੇ ਮਹਾਨ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਅਤੇ ਉਨਾਂ ਦੇ ਨਾਲ ਸ਼ਹੀਦ ਹੋਣ ਵਾਲੇ ਸ੍ਰ ਬਖਸ਼ੀਸ ਸਿੰਘ, ਸ੍ਰ ਸਰੈਣ ਸਿੰਘ (ਛੋਟਾ), ਸ੍ਰ ਸਰੈਣ ਸਿੰਘ (ਵੱਢਾ), ਸ੍ਰ ਹਰਨਾਮ ਸਿੰਘ, ਸ੍ਰ ਜਗਤ ਸਿੰਘ ਅਤੇ ਸ੍ਰੀ ਗਿਣੇਸ਼ ਪਿੰਗਲੇ ਦਾ ਸ਼ਹੀਦੀ ਦਿਹਾੜਾ ਗਦਰ ਮੈਮੋਰੀਅਲ ਸ਼ੈਨਫਰਾਸਿਸਕੋ ਵਿਚ 17 ਨਵੰਬਰ ਨੂੰ ਮਨਾਇਆ ਗਿਆ। ਗਦਰ ਮੈਮੋਰੀਅਲ ਜਿਸ ਦਾ ਇਤਿਹਾਸਿਕ ਨਾਂ ਯੁਗਾਂਤਰ ਆਸ਼ਰਮ ਹੈ, ਗਦਰ ਪਾਰਟੀ ਦਾ ਮੁਢਲਾ ਦਫਤਰ ਸੀ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ, ਗਦਰ ਮੈਮੋਰੀਅਲ ਫਾਉਡੇਸ਼ਨ ਆਫ ਕੈਲੇਫੋਰਨੀਆਂ ਅਤੇ ਇੰਡੋ ਅਮੈਰੀਕਨ ਦੇਸ਼ ਭਗਤ ਫਾਉਡੇਸ਼ਨ ਆਫ ਬੇ ਏਰੀਆ ਦੇ ਸੱਦੇ ਤੇ ਕੈਲੇਫੋਰਨੀਆਂ ਦੇ ਵੱਖ ਵੱਖ ਸ਼ਹਿਰਾਂ ਤੋਂ ਇਸ ਇਤਿਹਾਸਿਕ ਥਾਂ ਤੇ ਇਕੱਤਰ ਹੋਏ ਸੈਂਕੜੇ ਲੋਕਾਂ ਨੇ ਸ਼ਹੀਦ ਕਰਤਾਰ ਸਿੰਘ ਨੂੰ ਆਪਣੀ ਸ਼ਰਧਾਜਲੀ ਭੇਂਟ ਕਰਦਿਆ ਉਨਾਂ ਦੇ ਮਨੁੱਖਤਾ ਦੇ ਕਲਿਆਣ ਵਾਲੇ ਰਾਹ ਤੇ ਚਲਣ ਦਾ ਪ੍ਰਣ ਲਿਆ। ਫਰਿਜਨੋ ਤੋਂ ਕੋਈ 70 ਤੋਂ ਵੱਧ ਲੋਕੀ ਇਕ ਚਾਰਟਰ ਬਸ ਅਤੇ ਕਾਰਾਂ ਦੇ ਕਾਫਲੇ ਦੇ ਰੂਪ ਵਿਚ ਪਹੁੰਚੇ। ਯਾਦ ਰਹੇ ਸਰਦਾਰ ਕਰਤਾਰ ਸਿੰਘ ਸਰਾਭਾ ਜੋ ਪੜਾਈ ਕਰਨ ਲਈ ਜਨਵਰੀ 1912 ਵਿਚ ਅਮਰੀਕਾ ਪਹੁੰਚੇ ਸਨ ਗਦਰ ਪਾਰਟੀ ਦੇ ਮੁਢਲੇ ਮੈਂਬਰਾ ਵਿਚੋਂ ਸਨ ਅਤੇ ਗਦਰ ਦੀ ਗੂੰਜ ਨਾਂ ਦਾ ਪਰਚਾ ਆਪਣੇ ਹੱਥੀ ਮਸ਼ੀਨ ਗੇੜ ਕੇ ਛਾਪਦੇ ਰਹੇ। ਨਵੰਬਰ 1914 ਵਿਚ ਭਾਰਤ ਮੁੜਣ ਤੋਂ ਬਾਅਦ ਆਪ ਮਾਰਚ 2, 1915 ਨੂੰ ਚੱਕ ਨੰਬਰ 5, ਜਿਲਾ ਲਾਇਲਪੁਰ ਵਿਚ ਗਿਰਫਤਾਰ ਹੋਏ ਅਤੇ ਉਨਾ ਨੂੰ 24 ਗਦਰੀਆਂ ਸਮੇਤ ਫਾਸ਼ੀ ਦੀ ਸਜਾ ਸੁਣਾਈ ਗਈ। ਉਹ ਨਵੰਬਰ 16, 1915 ਨੂੰ ਲਾਹੌਰ ਜੇਲ ਵਿਚ ਆਪਣੇ 6 ਹੋਰ ਸਾਥੀਆ ਨਾਲ ਫਾਸ਼ੀ ਤੇ ਚੜ ਦੇਸ਼ ਤੋ ਕੁਰਬਾਨ ਹੋ ਗਏ।

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ, ਬੇ ਏਰੀਆ ਫਾਉਡੇਸ਼ਨ ਦੇ ਬਲਵੀਰ ਜੌਹਲ ਅਤੇ ਗਦਰ ਮੈਮੋਰੀਅਲ ਫਾਉਡੇਸ਼ਨ ਆਫ ਕੈਲੇਫੋਰਨੀਆਂ ਦੇ ਸਤਬੀਰ ਸਿੰਘ ਬਾਜਵਾ ਅਤੇ ਸੁਰਜੀਤ ਸਿੰਘ ਆਟਵਾਲ ਦੀ ਪ੍ਰਧਾਨਗੀ ਵਿਚ ਹੋਏ ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿਚ ਸਟੇਜ ਸਕੱਤਰ ਹਰਜਿੰਦਰ ਢੇਸੀ ਨੇ ਸਾਰਿਆ ਨੂੰ ਜੀ ਆਇਆਂ ਆਖਦਿਆ ਸ਼ਹੀਦਾਂ ਦੀ ਉਸਾਰੂ ਸੋਚ ਤੋ ਊਰਜਾ ਅਤੇ ਰੋਸ਼ਨੀ ਲੈ ਕੇ ਅੱਜ ਦੇ ਸਮਾਜ ਦੀਆਂ ਮੁਸ਼ਕਲਾ ਹੱਲ ਕਰਨ ਵੱਲ ਵੱਧਣਾ ਚਾਹੀਦਾ ਹੈ। ਰਾਜਿੰਦਰ ਸਿੰਘ ਬਰਾੜ ਅਤੇ ਹਰਜੀਤ ਸਿੰਘ ਸ਼ੇਰਗਿਲ ਹੁਣਾ ਨੇ ਗੀਤਾਂ ਦੇ ਰੂਪ ਵਿਚ ਸ਼ਹੀਦਾ ਨੂੰ ਸ਼ਰਧਾਜਲੀ ਭੇਂਟ ਕੀਤੀ।

ਮਾਸਟਰ ਲਛਮਣ ਸਿੰਘ ਰਾਠੌਰ ਉਨਾਂ ਆਪਣੀ ਇਕ ਕਵਿਤਾ ਸੁਣਾਈ, ਅਤੇ ਜੀ ਐਸ ਗਰੇਵਾਲ ਨੇ ਸੁਰਜੀਤ ਪਾਤਰ ਦੀ ਕਵਿਤਾ 'ਕੁਝ ਕਿਹਾ ਤਾਂ ਹਨੇਰਾ ਜਰੇ ਗਾ ਕਿਵੇਂ" ਗਾ ਕੇ ਸੁਣਾਈ। ਸ੍ਰ ਗੁਰਦੀਪ ਸਿੰਘ ਅਣਖੀ ਨੇ ਗਦਰੀ ਸੂਰਬੀਰਾਂ ਦੀਆਂ ਕੁਰਬਾਨੀਆਂ ਪ੍ਰਤੀ ਸਿਰ ਝੁਕਾਉਦਿਆਂ, ਅੱਜ ਭਾਰਤ ਭਰ ਵਿਚ ਮੌਕੇ ਦੀ ਸਰਕਾਰ ਅਤੇ ਹੋਰ ਪਿਛਾ ਖਿਚੂ ਤਾਕਤਾਂ ਵਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਅਤੇ ਘੱਟ ਗਿਣਤੀਆਂ ਪ੍ਰਤੀ ਮਤੇਰਾਨਾ ਸਲੂਕ ਤੇ ਦੁਖ ਪ੍ਰਗਟ ਕੀਤਾ। ਉਨਾਂ ਨੇ ਇਕ ਮਤੇ ਰਾਹੀ ਯੁਗਾਂਤਰ ਆਸ਼ਰਮ ਦੀ ਇਸ ਇਮਾਰਤ ਨੂੰ ਇਸ ਦੇ ਮੁਢਲੇ ਇਤਿਹਾਸਿਕ ਰੂਪ ਵਿਚ ਮੁੜ ਉਸਾਰਨ ਦੀ ਅਪੀਲ ਕੀਤੀ। ਉਨਾਂ ਯਾਦ ਕਰਵਾਇਆ ਕਿ ਇਸ ਇਮਾਰਤ ਦੀ ਮੁੜ ਉਸਾਰੀ ਦੇ ਪ੍ਰਾਜੈਕਟ ਦੀ ਸੰਨ 2013 ਵਿਚ ਸ੍ਰ ਮਨਮੋਹਣ ਸਿੰਘ ਦੀ ਸਰਕਾਰ ਨੇ ਮਨਜ਼ੂਰੀ ਦੇ ਦਿਤੀ ਸੀ ਪਰ ਉਹ ਅਜੇ ਤੱਕ ਸ਼ੁਰੂ ਨਹੀਂ ਹੋਈ। ਇਸ ਮਤੇ ਨੂੰ ਸਾਰਿਆਂ ਨੇ ਆਪਣੀ ਮਨਜ਼ੂਰੀ ਦਿਤੀ ਅਤੇ ਇਸ ਦੀਆਂ ਕਾਪੀਆਂ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਹੋਰ ਸਬੰਧਤ ਮਹਿਕਮਿਆਂ ਨੂੰ ਭੇਜੀਆਂ ਜਾਣਗੀਆ।

ਪਰਗਟ ਸਿੰਘ ਧਾਲਵਾਲ ਨੇ ਭਾਰਤ ਦੇ ਕਿਸਾਨਾਂ ਦੀ ਨਿਘਰ ਰਹੀ ਹਾਲਤ ਲਈ ਉਨਾਂ ਦੀਆ ਫਸਲਾਂ ਦੇ ਘੱਟ ਭਾਅ ਅਤੇ ਸਰਕਾਰਾ ਨੂੰ ਜੁੰਮੇਵਾਰ ਠਹਿਰਾਇਆ। ਸ੍ਰ ਪਿਸ਼ੌਰਾ ਸਿੰਘ ਢਿਲੋਂ ਨੇ ਇਕ ਕਵਿਤਾ ਤਰੰਨਮ ਵਿਚ ਸੁਣਾਈ ਅਤੇ ਕੈਲੇਫੋਰਨੀਆਂ ਦੇ ਸਕੂਲਾਂ ਦੇ ਸਲੇਬਸ ਵਿਚ ਗਦਰ ਪਾਰਟੀ ਦੀ ਜੱਦੋ ਜਹਿਦ ਨੂੰ ਸ਼ਾਮਲ ਕਰਵਾਉਣ ਲਈ ਹੋ ਰਹੀਆਂ ਕੋਸ਼ਿਸ਼ਾਂ ਬਾਰੇ ਦੱਸਿਆ।ਉਨਾਂ ਨੇ ਸਿੱਖ ਕਾਉਸਲ ਆਫ ਸੈਂਟਰਲ ਵੈਲੀ ਅਤੇ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਇਕ ਸਾਂਝੇ ਮਤੇ ਵਿਚ ਕਾਂਸਲੇਟ ਜਨਰਲ ਤੋਂ ਗਦਰ ਪਾਰਟੀ ਦੇ ਸੰਥਾਪਨਾ ਦਿਨ ਨੂੰ ਵੱਡੇ ਪੱਧਰ ਤੇ ਮਨਾਉਣ ਦੀ ਅਪੀਲ਼ ਕੀਤੀ।

ਹੋਰ ਬੁਲਾਰਿਆ ਵਿਚ ਸ੍ਰ ਸ਼ਰਨਪਾਲ ਸਿੰਘ, ਸ੍ਰ ਬੀ ਐਸ ਬਲ ਅਤੇ ਸ੍ਰ ਮਲਕੀਤ ਸਿੰਘ ਕਿੰਗਰਾ ਵੀ ਸ਼ਾਮਲ ਸਨ ਜਿਨਾਂ ਨੇ ਸ਼ਹੀਦਾ ਦੀ ਸੋਚ ਨੂੰ ਅਸਲੀ ਜ਼ਿੰਦਗੀ ਵਿਚ ਲਾਗੂ ਕਰਨ ਤੇ ਜੋਰ ਦਿਤਾ। ਇਸ ਤੋਂ ਇਲਾਵਾ ਪ੍ਰਸਿਧ ਕਵੀ ਸੁਖਵਿੰਦਰ ਕੰਬੋਜ, ਕੁਲਵਿੰਦਰ ਅਤੇ ਚੇਤਨਾ ਪ੍ਰਕਾਸ਼ਨ ਵਲੋਂ ਸ੍ਰ ਸ਼ਤੀਸ਼ ਗੁਲਾਟੀ ਵੀ ਆਪਣੀਆ ਕਵਿਤਾਵਾ ਅਤੇ ਵਿਚਾਰਾਂ ਨਾਲ ਸ਼ਾਮਲ ਹੋਏ। ਗੁਰਨਾਮ ਸਿੰਘ ਬਿੰਜਲ ਹੁਣਾ ਨੇ ਆਪਣੇ ਤਜਰਬੇ ਚੋਂ ਕੁਝ ਅਣਗੌਲੇ ਰਹਿ ਗਏ ਦੇਸ਼ ਭਗਤਾਂ ਦੀ ਘਾਲਣਾ ਬਾਰੇ ਦੱਸਿਆ।

ਅਖੀਰ ਵਿਚ ਇੰਡੋ ਅਮੈਰੀਕਨ ਹੈਰਟੇਜ ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਹੁਣਾ ਨੇ ਵਿਚਾਰ ਪੇਸ਼ ਕਰਦਿਆਂ ਸੰਸਾਰ ਭਰ ਵਿਚ ਮਨੁੱਖਾਂ ਦੀ ਪਹਿਚਾਣ ਧਰਮ ਅਤੇ ਜਾਤਾਂ ਹੋਣ ਤੇ ਫਿਕਰ ਜਾਹਰ ਕੀਤਾ।ਉਨਾਂ ਨੇ ਏਬੀ 24 ਲਾਇਵ ਦੇ ਸੰਜੀਵ ਭਾਰਦਵਾਜ ਅਤੇ ਪੂਨਮ ਸ਼ਰਮਾ ਦਾ ਇਸ ਪ੍ਰੋਗਰਾਮ ਦੀ ਕਵਰੇਜ ਲਈ ਅਤੇ ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ ਦਾ ਬਦਾਮਾਂ, ਅਤੇ ਤਾਜੀ ਰਸ ਦੇ ਲੰਗਰ ਲਈ ਧੰਨਵਾਦ ਕੀਤਾ। ਫਰਿਜਨੋ ਦੇ ਸਾਰੇ ਜਥੇ ਦਾ ਉਚੇਚਾ ਧੰਨਵਾਦ ਕਰਦਿਆ ਉਨਾਂ ਆਸ ਪ੍ਰਗਟ ਕੀਤੀ ਕਿ ਆਉਣ ਵਾਲੇ ਸਾਲਾਂ ਵਿਚ ਹੋਰ ਜੱਥੇਬੰਦੀਆਂ ਵੀ ਇਸ ਦਿਨ ਤੇ ਸ਼ਾਮਲ ਹੋਣਗੀਆਂ।



# ਜਰੂਰਤਮੰਦ ਲੜਕੀਆਂ ਦੇ ਵਿਆਹਾਂ 'ਚ ਸ਼ਗਨ ਦੇਣ ਵਾਲੇ ਸਮਾਜ ਸੇਵੀ ਗਰੇਵਾਲ ਬਣੇ ਲੋਕਾਂ ਲਈ ਪ੍ਰੇਰਣਾ ਸ੍ਰੋਤ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)** "ਜੇਕਰ ਤੁਸੀ ਸਾਡੇ ਉਮੀਦਵਾਰਾਂ ਦੇ ਹੱਕ 'ਚ ਵੋਟ ਕਰਕੇ ਪਿੰਡ ਵਿੱਚ ਸਾਡੀ ਪੰਚਾਇਤ ਬਣਾਉਗੇ ਤਾਂ ਮੈਂ ਆਪਣੀ ਜੇਬ ਵਿੱਚੋਂ ਇਸ ਪੰਚਾਇਤ ਦੇ 5 ਸਾਲ ਦੇ ਸਮੇਂ ਤੱਕ ਬਿਨ੍ਹਾਂ ਕਿਸੇ ਨਾਲ ਪੱਖਪਾਤ ਕੀਤੀਆਂ ਹਰ ਧਰਮ ਤੇ ਜਾਤ ਦੀ ਜਰੂਰਮੰਦ ਲੜਕੀ ਦੇ ਵਿਆਹ ਤੇ 51 ਸੌ ਰੁਪਏ ਦਾ ਸ਼ਗਨ ਦੇਵਾਂਗਾ''। ਏਹ ਐਲਾਨ ਪਿੰਡ ਖਾਸੀ ਕਲ੍ਹਾਂ ਦੇ ਸਮਾਜਸੇਵੀ ਕਰਮਜੀਤ ਸਿੰਘ ਗਰੇਵਾਲ ਨੇ ਪੰਜ ਸਾਲ ਪਹਿਲਾਂ ਪੰਚਾਇਤੀ ਚੋਣਾਂ ਦੌਰਾਨ ਕੀਤਾ ਸੀ। ਪਿੰਡ ਖਾਸੀ ਕਲ੍ਹਾਂ ਦੇ ਲੋਕਾਂ ਨੇ ਉਨ੍ਹਾਂ ਦੀ ਟੀਮ ਦੇ ਹੱਕ 'ਚ ਬੰਪਰ ਵੋਟ ਕਰਦਿਆਂ ਉਨ੍ਹਾਂ ਦੀ ਪੰਚਾਇਤ ਦਾ ਗਠਨ ਕੀਤਾ ਜਿਸਦਾ ਕੁਝ ਮਹੀਨੇ ਪਹਿਲਾਂ ਸਮਾਂ ਪੂਰਾ ਹੋ ਗਿਆ ਹੈ। ਸ: ਗਰੇਵਾਲ ਨੇ ਜਿਸ ਸ਼ਗਨ ਸਕੀਮ ਨੂੰ ਦੇਣ ਦਾ ਐਲਾਨ ਕੀਤਾ ਸੀ ਉਸ ਮੁਤਾਬਿਕ ਪੰਜ ਸਾਲ ਬਿਨ੍ਹਾਂ ਦੇਰੀ ਕੀਤਿਆਂ ਪਿੰਡ ਦੀ ਹਰ ਜਰੂਰਤਮੰਦ ਲੜਕੀ ਨੂੰ ਵਿਆਹ ਤੇ ਦਿੱਤੀ ਗਈ। ਇਸ ਸਕੀਮ ਦੇ ਚੱਲਦਿਆਂ ਸ: ਗਰੇਵਾਲ ਹੁਣ ਲੋਕਾਂ ਲਈ ਪ੍ਰੇਰਣਾ ਦੇ ਸ੍ਰੋਤ ਬਣ ਗਏ ਹਨ ਕਿ ਭਾਵੇਂ ਉਨ੍ਹਾਂ ਦੀ ਪੰਚਾਇਤ ਦਾ ਸਮਾਂ ਪੂਰਾ ਹੋ ਗਿਆ ਹੈ ਪਰ ਉਨ੍ਹਾਂ ਵੱਲੋਂ ਆਪਣੇ ਵਾਅਦੇ ਤੇ ਹੁਣ ਵੀ ਪਹਿਰਾ ਦਿੱਤਾ ਜਾ ਰਿਹਾ ਹੈ। ਅੱਜ ਉਨ੍ਹਾਂ ਨੇ ਪਿੰਡ ਦੀ ਇੱਕ ਹੋਰ ਜਰੂਰਤਮੰਦ ਲੜਕੀ ਦੇ ਵਿਆਹ ਤੇ ਏਹ ਸ਼ਗਨ ਸਕੀਮ ਦਿੱਤੀ ਜਿਥੇ ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਪਹਿਲਾਂ ਕੀਤੇ ਐਲਾਨ ਨੂੰ ਉਹ ਉਦੋਂ ਤੱਕ ਜਾਰੀ ਰੱਖਣਗੇ ਜਦੋਂ ਤੱਕ ਪਿੰਡ ਦੀ ਨਵੀਂ ਪੰਚਾਇਤ ਨਹੀ ਬਣ ਜਾਂਦੀ। ਉਨ੍ਹਾਂ ਆਪਣੇ ਵਾਅਦੇ ਨੂੰ ਹੋਰ ਅੱਗੇ ਤੋਰਦਿਆਂ ਕਿਹਾ ਕਿ ਜੇਕਰ ਲੋਕਾਂ ਨੇ ਅਗਲੀ ਵਾਰੀ ਵੀ ਉਨ੍ਹਾਂ ਦੀ ਟੀਮ ਨੂੰ ਹੀ ਮੌਕਾ ਦਿੱਤਾ ਤਾਂ ਉਹ ਇਸ ਸਕੀਮ ਨੂੰ ਪਹਿਲਾਂ ਦੀ ਤਰ੍ਹਾਂ ਹੀ ਜਾਰੀ ਰੱਖਣਗੇ। ਉਨ੍ਹਾਂ ਵੱਲੋਂ ਕੀਤੀ ਜਾ ਰਹੀ ਇਸ ਸਮਾਜਸੇਵਾ ਦੀ ਪਿੰਡ ਤੋਂ ਇਲਾਵਾ ਇਲਾਕੇ ਵਿੱਚ ਵੀ ਚਰਚਾ ਹੈ ਅਤੇ ਪਿੰਡ ਵਾਲੇ ਤਾਂ ਮੁੜ ਸੇਵਾ ਦੇਣ ਦੀ ਤਿਆਰੀ ਤੱਕ ਕਰੀ ਬੈਠੇ ਹਨ। ਅੱਜ ਸ਼ਗਨ ਦੇਣ ਮੌਕੇ ਲੜਕੀ ਅਤੇ ਉਸਦੇ ਮਾਪਿਆਂ ਤੋਂ ਬਿਨ੍ਹਾਂ ਪਿੰਡ ਦੇ ਸਰਪੰਚ ਇੰਦਰਜੀਤ ਸਿੰਘ ਸੋਮਲ, ਬਾਬਾ ਬਲਦੇਵ ਸਿੰਘ ਅਤੇ ਜਗਤਾਰ ਸਿੰਘ ਗਰੇਵਾਲ ਪੰਚ ਵੀ ਹਾਜਰ ਸਨ।



# 'ਆਪ' ਦੇ ਬਰਾਬਰ ਜਥੇਬੰਦਕ ਢਾਂਚਾ ਖੜ੍ਹਾ ਕਰੇਗਾ ਬਾਗੀ ਧੜਾ

**ਚੰਡੀਗੜ੍ਹ–** ਆਮ ਆਦਮੀ ਪਾਰਟੀ (ਆਪ) ਦੇ ਬਾਗੀ ਧੜੇ ਨੇ ਪੰਜਾਬ ਵਿਚ ਪਾਰਟੀ ਦੇ ਬਰਾਬਰ ਆਪਣਾ ਵੱਖਰਾ ਜਥੇਬੰਦਕ ਢਾਂਚਾ ਬਣਾਉਣ ਦਾ ਫੈਸਲਾ ਕੀਤਾ ਹੈ। ਜਿਸ ਦੇ ਪਹਿਲੇ ਪੜਾਅ ਵਿਚ 30 ਜ਼ਿਲ੍ਹਾ (ਸ਼ਹਿਰੀ ਤੇ ਦਿਹਾਤੀ) ਪ੍ਰਧਾਨਾਂ ਦਾ ਐਲਾਨ 21 ਨਵੰਬਰ ਨੂੰ ਕੀਤਾ ਜਾ ਰਿਹਾ ਹੈ।

ਬਾਗੀ ਧੜੇ ਦੇ ਇਸ ਐਲਾਨ ਤੋਂ ਸਾਫ ਹੋ ਗਿਆ ਹੈ ਕਿ ਪੰਜਾਬ ਦੇ ਲੋਕਾਂ ਵੱਲੋਂ ਵਿਧਾਨ ਸਭਾ ਚੋਣਾਂ ਵਿਚ ਇਸ ਪਾਰਟੀ ਨੂੰ ਦਿੱਤੇ ਮੁੱਖ ਵਿਰੋਧੀ ਧਿਰ ਦੇ ਫ਼ਤਵੇ ਨੂੰ ਵੀ 20 ਵਿਧਾਇਕ ਬਰਕਰਾਰ ਰੱਖਣ ਤੋਂ ਫੇਲ੍ਹ ਰਹੇ ਹਨ ਕਿਉਂਕਿ ਦੂਸਰੇ ਪਾਸੇ ਪਾਰਟੀ ਵੱਲੋਂ ਲੋਕ ਸਭਾ ਚੋਣ ਲਈ ਪੰਜ ਉਮੀਦਵਾਰ ਵੀ ਆਪਣੇ ਪੱਧਰ 'ਤੇ ਚੁਣ ਲਏ ਹਨ ਅਤੇ ਹੁਣ ਏਕੇ ਦੀ ਕੋਈ ਗੁੰਜਾਇਸ਼ ਨਹੀਂ ਜਾਪਦੀ। ਦੱਸਣਯੋਗ ਹੈ ਕਿ ਇਹ ਧੜਾ ਆਪਣੀ ਵੱਖਰੀ ਸਿਆਸੀ ਮਾਮਲਿਆਂ ਦੀ ਕਮੇਟੀ (ਪੀਏਸੀ) ਪਹਿਲਾਂ ਹੀ ਬਣਾ ਚੁੱਕਾ ਹੈ। ਬਾਗੀ ਧੜੇ ਦੇ ਮੁੱਖ ਆਗੂ ਸੁਖਪਾਲ ਖਹਿਰਾ ਨੇ ਇਥੇ ਵਿਧਾਇਕ ਮਾਸਟਰ ਬਲਦੇਵ ਸਿੰਘ, ਪਿਰਮਲ ਸਿੰਘ ਖਾਲਸਾ, ਜਗਤਾਰ ਸਿੰਘ ਜੱਗਾ ਤੇ ਜਗਦੇਵ ਸਿੰਘ ਕਮਾਲੂ ਅਤੇ ਸਿਆਸੀ ਮਾਮਲਿਆਂ ਦੀ ਕਮੇਟੀ (ਪੀਏਸੀ) ਦੇ ਮੈਂਬਰ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰਾ ਸਮੇਤ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਖੁਲਾਸਾ



ਕੀਤਾ ਕਿ ਹੁਣ ਉਨ੍ਹਾਂ ਦਾ ਧੜਾ ਵੱਖਰੇ ਤੌਰ 'ਤੇ ਪਾਰਟੀ ਦਾ ਢਾਂਚਾ ਬਣਾ ਕੇ ਸੂਬੇ ਵਿਚ ਪੈਦਾ ਹੋਇਆ ਸਿਆਸੀ ਖਲਾਅ ਭਰੇਗਾ, ਜਿਸ ਤਹਿਤ 21 ਨਵੰਬਰ ਨੂੰ 30 ਐਡਹਾਕ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰ ਦਿੱਤੇ ਜਾਣਗੇ। ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਦੇ 'ਚੇਲੇ-ਬਾਲਕੇ' (ਪਾਰਟੀ ਦੀ ਪੰਜਾਬ ਇਕਾਈ ਦੇ ਆਗੂ) ਕਾਂਗਰਸ ਸਰਕਾਰ ਦੀ ਸੁਰ ਨਾਲ ਸੁਰ ਮਿਲਾ ਚੁੱਕੇ ਹਨ ਅਤੇ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਹਿਲਾਂ ਹੀ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਡਰੱਗ ਦੇ ਮਾਮਲੇ ਵਿਚ ਮਾਣਹਾਨੀ ਦੇ ਕੇਸ ਵਿੱਚ ਮੁਆਫੀ ਮੰਗ ਕੇ ਬਾਦਲਾਂ ਨਾਲ ਗੁਪਤ ਸਿਆਸੀ ਸਮਝੌਤਾ ਕਰ ਚੁੱਕੇ ਹਨ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਉਹ ਏਨੇ ਬੇਗ਼ੈਰਤ ਨਹੀਂ ਹਨ ਕਿ ਆਪਣੀ ਮੁਅੱਤਲੀ ਦੀ ਬਹਾਲੀ ਲਈ ਦਿੱਲੀ ਦੇ ਆਗੂਆਂ ਕੋਲ ਅਪੀਲ ਕਰਨਗੇ। ਉਨ੍ਹਾਂ ਕਿਹਾ ਕਿ ਉਹ ਬਹਾਲੀ ਲਈ ਕੋਈ ਬੇਨਤੀ ਨਹੀਂ ਕਰਨਗੇ ਅਤੇ ਸਮਾਂ ਆਉਣ 'ਤੇ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਵੀ ਨਹੀਂ ਝਿਜਕਣਗੇ।

ਉਨ੍ਹਾਂ ਦਬਕਾ ਮਾਰਿਆ ਕਿ ਵਿਧਾਇਕ ਕੰਵਰ ਸੰਧੂ ਵਾਲੀ ਕਮੇਟੀ ਨੇ ਪਾਰਟੀ ਦੇ ਆਗੂਆਂ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਟਿਕਟਾਂ ਬਦਲੇ ਨੋਟ ਲੈਣ ਅਤੇ ਹੋਰ ਕਈ ਤਰ੍ਹਾਂ ਦੀਆਂ ਗੜਬੜੀਆਂ ਕਰਨ ਦੀ ਰਿਪੋਰਟ ਤਿਆਰ ਕਰ ਲਈ ਹੈ ਅਤੇ ਜਲਦ ਹੀ ਪਾਰਟੀ ਦੇ ਵੱਡੇ ਲੀਡਰਾਂ ਵੱਲੋਂ ਮਾਰੀਆਂ ਠੱਗੀਆਂ ਜੱਗ-ਜ਼ਾਹਿਰ ਕੀਤੀਆਂ ਜਾਂਣਗੀਆਂ। ਸ੍ਰੀ ਖਹਿਰਾ ਨੇ ਦੱਸਿਆ ਕਿ ਦਸੰਬਰ ਮਹੀਨੇ ਬਠਿੰਡਾ ਤੋਂ ਪਟਿਆਲਾ ਤਕ 8 ਰੋਜ਼ਾ ਇਨਸਾਫ ਮਾਰਚ ਕੀਤਾ ਜਾਵੇਗਾ, ਜਿਸ ਵਿਚ ਪਾਰਟੀ ਵਿਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਅਤੇ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਵੀ ਸ਼ਮੂਲੀਅਤ ਕਰਨਗੇ। ਇਸ ਤਹਿਤ ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ, ਨਾਭਾ ਆਦਿ ਦੇ ਪਿੰਡਾਂ ਵਿਚੋਂ ਪੈਦਲ ਮਾਰਚ ਕਰਕੇ ਪਟਿਆਲਾ ਵਿੱਚ ਸਮਾਪਤੀ ਕੀਤੀ ਜਾਵੇਗੀ। ਮਾਰਚ ਦੌਰਾਨ ਹਰੇਕ ਦਿਨ 180 ਕਿਲੋਮੀਟਰ ਦਾ ਸਫਰ ਤੈਅ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੋਰ ਸਿਆਸੀ ਧਿਰਾਂ ਨੂੰ ਵੀ ਇਸ ਮਾਰਚ ਵਿਚ ਸ਼ਾਮਲ ਕਰਵਾਉਣ ਲਈ ਯਤਨ ਕੀਤੇ ਜਾ ਰਹੇ ਹਨ, ਜਿਸ ਤੋਂ ਸੰਕੇਤ ਮਿਲੇ ਹਨ ਕਿ ਬਾਗੀ ਧਿਰ ਨਾਲ ਫਿਲਹਾਲ ਬੈਂਸ ਭਰਾ ਤੇ ਡਾ. ਗਾਂਧੀ ਹੀ ਜੁੜੇ ਹਨ। ਸੂਤਰਾਂ ਅਨੁਸਾਰ ਬਾਗੀ ਧੜਾ ਇਨਸਾਫ਼ ਮਾਰਚ ਦੌਰਾਨ ਆਪਣੇ ਸਿਆਸੀ ਪਰ ਤੋਲ ਕੇ ਹੀ ਵੱਖਰੀ ਪਾਰਟੀ ਬਣਾਉਣ ਬਾਰੇ ਕੋਈ ਫੈਸਲਾ ਲਵੇਗਾ। ਸ੍ਰੀ ਖਹਿਰਾ ਨੇ ਕਿਹਾ ਕਿ ਇਸ ਮਾਰਚ ਦੌਰਾਨ ਬਰਗਾੜੀ ਕਾਂਡ ਤੇ ਬੇਅਦਬੀ ਮਾਮਲਿਆਂ ਦੇ ਕਸੂਰਵਾਰਾਂ ਨੂੰ ਸਜ਼ਾਵਾਂ ਦੇਣ, ਨਿਰੰਕਾਰੀ ਭਵਨ ਉਪਰ ਹੋਏ ਹਮਲੇ ਸਮੇਤ ਮੌੜ ਬੰਬ ਕਾਂਡ ਆਦਿ ਬਾਰੇ ਵ੍ਹਾਈਟ ਪੇਪਰ ਜਾਰੀ ਕਰਨ, ਬੇਦਬੀਆਂ ਦੇ ਮਾਮਲੇ ਵਿਚ ਡੇਰਾ ਸਿਰਸਾ ਮੁਖੀ ਵਿਰੁੱਧ ਕਾਰਵਾਈ ਕਰਨ, ਕਿਸਾਨਾਂ ਦੇ ਮਸਲੇ ਹੱਲ ਕਰਨ ਅਤੇ ਮੁਲਾਜ਼ਮਾਂ ਤੇ ਅਧਿਆਪਕਾਂ ਦੀਆਂ ਮੰਗਾਂ ਮੰਨਣ ਦੇ ਮੁੱਦੇ ਚੁੱਕੇ ਜਾਣਗੇ।

# ਕੈਲੀਫੋਰਨੀਆ 'ਚ ਲੱਗੀ ਅੱਗ ਨਾਲ ਮਰਨ ਵਾਲਿਆਂ ਦੀ ਗਿਣਤੀ 77 ਹੋਈ



(ਸਫਾ 1 ਦੀ ਬਾਕੀ)

ਗਿਆ। ਵੂਲਸੀ ਫਾਇਰ ਨਾਲ ਕੁਲ ਤਿੰਨ ਵਿਆਕਤੀ ਮਰੇ ਤੇ ਕੈਂਪ ਫਾਇਰ ਨਾਲ ਹੁਣ ਤਕ 77 ਵਿਆਕਤੀ ਮਾਰੇ ਗਏ। ਹੁਣ ਆਉਣ ਵਾਲੇ ਮੀਂਹ ਕਾਰਣ ਨਵੀਂ ਮੁਸੀਬਤ ਖੜੀ ਹੋਣ ਦਾ ਖਦਸਾ ਹੈ ਕਿ ਜੋ ਸੁਆਹ ਤੇ ਹੋਰ ਮਲਬਾ ਹੈ ਮੀਂਹ ਨਾਲ ਸੜਕਾਂ ਤੇ ਆ ਜਾਵੇਗਾ ਤੇ ਇਸ ਨਾਲ ਮਲਬੇ ਨੂੰ ਇਕੱਠਾ ਕਰਨਾ ਤੇ ਆਵਾਜਾਈ ਹੋਰ ਮੁਸੀਬਤ ਖੜੀ ਹੋਣ ਜਾ ਰਹੀ ਹੈ। ਸਾਨ ਫਰਾਂਸਿਸਕੋ ਕੌਮਾਂਤਰੀ ਹਵਾਈ ਅੱਡੇ ਦੇ ਅਧਿਕਾਰੀਆਂ ਦਾ ਕਹਿਣਾ ਹੈ ਉਤਰੀ ਕੈਲੀਫੋਰਨੀਆ ਦੇ ਜੰਗਲਾਂ ਵਿਚ ਲੱਗੀ ਅੱਗ ਤੋਂ ਨਿਕਲੇ ਧੂੰਏਂ ਕਾਰਨ ਘੱਟ ਦਿਖਾਈ ਦੇਣ ਕਾਰਣ 200 ਉਡਾਣਾਂ ਵਿਚ ਦੇਰੀ ਹੋਈ। ਹਵਾਈ ਅੱਡੇ ਦੇ ਬੁਲਾਰੇ ਨੇ ਕਿਹਾ ਕਿ ਸ਼ੁੱਕਰਵਾਰ ਦੁਪਹਿਰ ਲਗਭਗ 15 ਪ੍ਰਤੀਸ਼ਤ ਯਾਨੀ 195 ਉਡਾਣਾਂ ਵਿਚ ਔਸਤਨ 45 ਮਿੰਟ ਦੀ ਦੇਰੀ ਹੋਈ। ਗੌਰਤਲਬ ਹੈ ਕਿ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਜੰਗਲਾਂ ਵਿਚ ਲੱਗੀ ਭਿਆਨਕ ਅੱਗ ਨੇ ਹੁਣ ਆਸ ਪਾਸ ਦੇ ਸ਼ਹਿਰਾਂ ਨੂੰ ਅਪਣੀ ਲਪੇਟ ਵਿਚ ਲਿਆ । ਜਿਸ ਵਿਚ ਬੁੱਟੀ ਕਾਊਂਟੀ ਦੇ ਜ਼ਿਆਦਾਤਰ ਸ਼ਹਿਰ ਸ਼ਾਮਲ ਹਲ। ਇਸੇ ਕਾਊਂਟੀ ਦੇ ਅਧੀਨ ਆਉਣ ਵਾਲਾ ਪੈਰਾਡਾਈਜ਼ ਸ਼ਹਿਰ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਤਬਾਹ ਹੋਏ ਇਲਾਕਿਆਂ ਵਿੱਚ ਸਿੱਖ ਭਾਈਚਾਰੇ ਦੀਆਂ ਵੱਖ ਸੰਸਥਾਵਾਂ ਵੀ ਦਿੱਲ ਖੋਲ ਕੇ ਮੱਦਦ ਕਰ ਰਹੀਆਂ ਹਨ ਜਿਨਾਂ ਚ ਸਿੱਖ ਫਾਰ ਹਿਉਮੈਂਨਟੀ, ਸੇਵਾ ਗਰੁੱਪ, ਖਾਲਸਾ ਏਡ, ਤੇਰਾਂ ਤੇਰਾਂ, ਤੇ ਗੁਰਦੁਆਰਿਆਂ ਦੇ ਸਹਿਯੋਗ ਹੋ ਰਿਹਾ ਹੈ । ਸਿੱਖ ਫਾਰ ਹਿਉਮੈਂਨਟੀ ਤੇ ਕਸ਼ਮੀਰ ਸਿੰਘ ਸ਼ਾਹੀ ਨੇ ਦੱਸਿਆ ਕਿ ਸਿਰਫ ਸਾਡੀ ਸੰਸਥਾ ਵਲੋਂ ਸੇਵਾ ਵਿੱਚ, ਕੰਬਲ, ਕੇਨ ਫੂਡ, ਸੀਰੀਅਲ, ਜੁੱਤੀਆਂ ਆਦਿ ਸਮਾਨ ਦੇ ਹੁਣ ਤਕ ਚਾਰ ਟਰੱਕ ਵੰਡ ਚੁਕੇ ਹਾਂ ਤੇ ਹਰ ਰੋਜ ਲਗਾਤਾਰ ਕਰੀਬ ਪੰਜ ਸੌ ਵਿਆਕਤੀਆਂ ਦਾ ਲੰਗਰ ਜਾ ਰਿਹਾ ਹੈ।

# ਸੁਸ਼ਮਾ ਸਵਰਾਜ ਨਹੀਂ ਲੜੇਗੀ 2019 ਦੀ ਲੋਕ ਸਭਾ ਚੋਣ

**ਇੰਦੌਰ–** ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਖ਼ਰਾਬ ਸਿਹਤ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ 2019 ਦੀ ਲੋਕ ਸਭਾ ਚੋਣ ਨਹੀਂ ਲੜਨਗੇ। ਦੱਸਣਯੋਗ ਹੈ ਕਿ ਸਵਰਾਜ ਨੂੰ ਕਿਸੇ ਵੇਲੇ ਭਾਜਪਾ ਦੇ ਪ੍ਰਧਾਨ ਮੰਤਰੀ ਉਮੀਦਵਾਰ ਵਜੋਂ ਵੀ ਉਭਾਰਿਆ ਜਾਂਦਾ ਰਿਹਾ ਹੈ। ਕੇਂਦਰੀ ਵਿਦੇਸ਼ ਮੰਤਰੀ ਨੇ ਕਿਹਾ ਕਿ ਉਮੀਦਵਾਰਾਂ ਦਾ ਫ਼ੈਸਲਾ ਪਾਰਟੀ ਕਰਦੀ ਹੈ, ਪਰ ਉਨ੍ਹਾਂ ਮਨ ਬਣਾ ਲਿਆ ਹੈ ਕਿ ਉਹ ਹੁਣ ਅਗਲੀਆਂ ਚੋਣਾਂ ਨਹੀਂ ਲੜਨਗੇ। ਇੱਥੇ ਇਕ ਸਮਾਗਮ ਵਿਚ ਹਿੱਸਾ ਲੈਂਦਿਆਂ ਸੁਸ਼ਮਾ ਸਵਰਾਜ (66) ਨੇ ਕਿਹਾ ਕਿ ਇਹ ਫ਼ੈਸਲਾ ਉਨ੍ਹਾਂ 'ਤੰਦਰੁਸਤੀ' ਖ਼ਾਤਰ ਲਿਆ ਹੈ। ਸਵਰਾਜ ਦਾ 2016 ਵਿਚ ਕਿਡਨੀ ਟ੍ਰਾਂਸਪਲਾਂਟ ਹੋਇਆ ਸੀ। ਕੇਂਦਰੀ ਵਿਦੇਸ਼ ਮੰਤਰੀ ਨੇ ਆਪਣੇ ਫ਼ੈਸਲੇ ਬਾਰੇ ਪਾਰਟੀ ਨੂੰ ਵੀ ਜਾਣੂ ਕਰਵਾ ਦਿੱਤਾ ਹੈ। ਵਿਦਿਸ਼ਾ ਤੋਂ ਲੋਕ ਸਭਾ ਮੈਂਬਰ ਸਵਰਾਜ ਨੇ ਚੋਣ ਨਾ ਲੜਨ ਦਾ ਖ਼ੁਲਾਸਾ ਮੱਧ ਪ੍ਰਦੇਸ਼ ਵਿਚ ਅੱਜ ਚੋਣ ਪ੍ਰਚਾਰ ਕਰਦਿਆਂ ਕੀਤਾ। ਪਾਰਟੀ ਦੀ ਸਾਬਕਾ ਤਰਜ਼ਮਾਨ ਸੁਸ਼ਮਾ ਸਵਰਾਜ ਨੂੰ ਸੰਨ 2013 ਵਿਚ ਭਾਜਪਾ ਵੱਲੋਂ ਮੁੱਖ ਚੋਣ ਪ੍ਰਚਾਰਕ ਬਣਾਇਆ ਗਿਆ ਸੀ। ਉਸ ਵੇਲੇ ਇਹ ਚਰਚਾ ਸੀ ਕਿ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਵਜੋਂ ਉਭਾਰਨ ਨੂੰ ਲੈ ਕੇ ਉਹ ਕੋਈ ਜ਼ਿਆਦਾ ਸੰਤੁਸ਼ਟ ਨਹੀ ਸਨ, ਪਰ ਬਾਅਦ ਵਿਚ ਉਨ੍ਹਾਂ ਨੂੰ ਕੈਬਨਿਟ ਵਿਚ ਸ਼ਾਮਲ ਕੀਤਾ ਗਿਆ।



**ਸੁਸ਼ਮਾ ਦੇ ਫ਼ੈਸਲੇ ਦਾ ਪਤੀ ਵੱਲੋਂ ਸਵਾਗਤ**

ਨਵੀਂ ਦਿੱਲੀ: ਸੁਸ਼ਮਾ ਸਵਰਾਜ ਦੇ ਪਤੀ ਸਵਰਾਜ ਕੌਸ਼ਲ ਨੇ ਪਤਨੀ ਦੇ ਚੋਣ ਨਾ ਲੜਨ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਟਵੀਟ ਕਰਦਿਆਂ ਕਿਹਾ ਕਿ 1977 ਤੋਂ ਚੱਲ ਰਹੀ ਇਸ ਸਿਆਸੀ ਮੈਰਾਥਨ ਦੌਰਾਨ ਸੁਸ਼ਮਾ ਨੇ 11 ਚੋਣਾਂ ਲੜੀਆਂ ਹਨ ਤੇ ਹੁਣ ਆਰਾਮ ਲੋੜੀਂਦਾ ਹੈ।

# ਸਰਕਾਰੀ ਮਿਡਲ ਸਕੂਲ ਆਲੋਵਾਲ (ਨਕੋਦਰ) 'ਚ ਵਿਦਿਆਰਥੀਆਂ ਨੂੰ ਕੋਟੀਆਂ ਵੰਡੀਆਂ







**ਨਕੋਦਰ–** ਦੁਨੀਆਂ 'ਚ ਚੰਗੇ-ਮਾੜੇ ਹਰ ਤਰ੍ਹਾਂ ਦੇ ਇਨਸਾਨ ਹਨ। ਜਿੱਥੇ ਮਾੜੇ ਅਨਸਰ ਹਨ, ਉਥੇ ਚੰਗੇ ਇਨਸਾਨਾਂ ਦੀ ਵੀ ਘਾਟ ਨਹੀਂ। ਜੋ ਇਨਸਾਨ ਚੰਗੇ-ਮਾੜੇ ਦੀ ਪਰਖ ਕਰੇ ਅਤੇ ਆਪਣਾ ਪਿਛੋਕੜ ਨਾ ਭੁਲਾਵੇ ਤੇ ਗਰੀਬਾਂ ਨਾਲ ਖੜ੍ਹਦਾ ਹੋਵੇ, ਜਗ ਉਹਨਾਂ ਨੂੰ ਹਮੇਸ਼ਾ ਸਲਾਹੁੰਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਜੋ ਨਾਮ ਜਪਣ, ਕਿਰਤ ਕਰਨ ਤੇ ਵੰਡ ਕੇ ਛਕਣ ਦਾ ਰਸਤਾ ਦਿਖਾਇਆ, ਜੇਕਰ ਉਸ 'ਤੇ ਅਮਲ ਕੀਤਾ ਜਾਵੇ ਤਾਂ ਜਿੱਥੇ ਜਗ ਸਲਾਹੁੰਦਾ ਹੈ, ਉਥੇ ਚੰਗਾ ਕੰਮ ਕਰਕੇ ਕਿਸੇ ਜ਼ਰੂਰਤਮੰਦ ਦੇ ਕੰਮ ਆਵੇ ਤਾਂ ਮਨ ਨੂੰ ਬੜਾ ਸਕੂਨ ਮਿਲਦਾ ਹੈ।

ਅਜਿਹਾ ਹੀ ਕੈਲੇਫੋਰਨੀਆ ਦੇ ਵਲੇਹੋ ਸ਼ਹਿਰ ਵੱਸਦੇ ਸ੍ਰੀ ਮਹਿੰਦਰ ਪਾਲ ਨਾਹਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਆਪਣੇ ਪਿੰਡ ਆਲੋਵਾਲ ਦੇ ਸਰਕਾਰੀ ਮਿਡਲ ਸਕੂਲ ਦੇ ਵਿਦਿਆਰਥੀਆਂ ਨੂੰ ਸਰਦੀ ਦੇ ਸਮੇਂ ਗਰਮ ਕੋਟੀਆਂ ਵੰਡ ਕੇ ਜੋ ਨੇਕ ਕੰਮ ਕੀਤਾ ਹੈ, ਬੜਾ ਸਲਾਹੁਣਯੋਗ ਹੈ। ਸ੍ਰੀ ਨਾਹਰ ਦਾ ਮੰਨਣਾ ਹੈ ਕਿ ਜੇਕਰ ਕੁਝ ਦਸਾਂ ਨਹੁੰਆਂ ਦੀ ਕਮਾਈ 'ਚ ਪੁੰਨਦਾਨ ਹੋ ਸਕੇ ਤਾਂ ਪਹਿਲਾਂ ਆਪਣੇ ਚੌਗਿਰਦੇ 'ਚ ਕਰ ਲਿਆ ਜਾਵੇ ਤਾਂ ਕਿੰਨਾ ਚੰਗਾ, ਫਿਰ ਬੱਚਿਆਂ ਦੀ ਸਿਹਤ ਅਤੇ ਪੜ੍ਹਾਈ ਲਈ ਕੀਤਾ ਜਾਵੇ ਤਾਂ ਹੋਰ ਵੀ ਵਧੀਆ ਹੋਵੇਗਾ। ਅਦਾਰਾ 'ਦੇਸ਼ ਦੁਆਬਾ' ਅਜਿਹੇ ਕੰਮਾਂ ਅਤੇ ਨੇਕ ਵਿਅਕਤੀਆਂ ਦੀ ਸਰਾਹਨਾ ਕਰਦਾ ਹੈ।

# SRI GURU RAVIDASS SABHA PITTSBURG (CA)

**2150 CRESTVIEW DRIVE, Pittsburg CA 94565 Tel: (925) 439-2355**

## Programs at Sri Guru Ravidass Temple Pittsburg in November/December 2018

**December 2, 2018**

**Sri Sukhmani Sahib Path and Langar Sewa by Gurdyal Singh Rattu & Raj Rani Rattu**

Sri Sukhmani Sahib Path and Langar Sewa will be hosted by Gurdyal Singh Rattu and Raj Rani Rattu in celebration of their Son (Grandson of Bhai Gurnam Singh Rattu and Bibi Satyamati Rattu) Sahib Singh's 5th Birthday. May Waheguru bless Sahib Singh Rattu with happy healthy and long life.



**December 9, 2018**

**Sri Sukhmani Sahib Path and Langar Sewa by Bhai Satnam Singh**

Sri Sukhmani Sahib Path and Langar Sewa will be hosted by Bhai Satnam Singh, Son Amandeep Singh & Bibi Prianka Sidhu for Sukh Shanti and Chardi Kala of their Family. May Waheguru keep family in Chardi Kala.

**December 16, 2018**

**Akhand Path sewa by Bhai Santokh Madhar and Bibi Renu Madhar**

Akhand path will start on Friday 12/14/2018, at 10:00 AM and will be concluded with Bhog ceremony on Sunday morning 12/16/2018. Path and Langar Sewa will be hosted by Bhai Santokh Madhar and Bibi Renu Madhar to thank Waheguru ji for the health and happiness of their family. Jatha of Bahi Suveg Singh will do the Kirtan Sewa. May Waheguru keep Madhar family in Chardi Kala.

**December 23, 2018**

**Shaheedi Divas of Guru Gobind Singh Ji's Sahibzadey**

Sukhmani Sahib Path and Langar will be hosted by Gurughar on the occasion of Barsi of Shri Guru Gobind Singh Ji's four Sahibzadey: Baba Ajit Singh, Baba Jujhar Singh, Baba Zorawar Singh and Baba Fateh Singh. Guru Gobind Singh sacrificed his dear and brave sons, only to prove that when it comes to making sacrifices for the Sikh cause, he would not hesitate to offer his own sons to show the world that the Sikh ideals alone, and not his own sons, were dearer to him. Entire Sangat is humbly requested to participate and do the SEWA.

**December 30, 2018**

**Sukhmani Sahib Path and Langar Sewa by Gurughar*****

**December 31, 2018**

**Rain Sabai New Year's celebrations**

We are celebrating New Year's Eve at Gurughar in welcoming the 2019. Sukhmani Sahib Path and Langar Sewa will be hosted by Sangat. Let us start the New Year with a prayer for love, happiness and prosperity of our Sangat. Jathas of Giani Gurnam Singh/Ompal Singh will do the Shabad Kirtan. The entire Sangat is requested to participate whole heartedly.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |
| | 925-366-3618 | 408-460-0262 | 209-834-4641 | 408-718-2506 |


# SKY TRANSPORT SOLUTIONS

## STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**2680 N TRACY BLVD, SUITE 4, TRACY, CA 95376**

# SRI GURU RAVIDASS SABHA PITTSBURG (CA)

## 2150 CRESTVIEW DRIVE, Pittsburg CA 94565 Tel: (925) 439-2355



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।।

Sri Guru Nanak Dev Ji's "Parkash Utsav" is celebrated at our Gurughar on November 25, 2018. Akhand path will start on Friday 11/23/2018, at 10:00 AM and will be concluded with Bhog ceremony on Sunday morning 11/25/2018. Path and Langar Sewa will be hosted by Bhai Varinder Kumar Sudhir and family. Giani Jathas and Kirtankars will adorn the occasion with his gifted talents in Shabad Kirtan.

**Nishan Sahib will be hoisted on Saturday November 24, 2018, at 11:00 AM. Bhai Kashmiri Bhatia and Bibi Kamlajit Bhatia will do this sewa.**

**Please call as soon as possible to reserve the stall space or for any other sewa.**



Guru Nanak Sahib Ji was born in 1469 at Talwandi, now known as Nankana Sahib. He was the founder of the Sikhisim and the first of the ten Sikh Guru's. His life and spiritual teachings, as enshrined in the holy pages of GURU GRANTH SAHIB, are an embodiment of truthfulness and godliness which illuminated the millions of ignorant souls. HIS simple message of "UNIVERSAL BROTHERHOOD" EQUALITY and Love of Mankind formed the basic principles of Sikh Religion. The best tribute we can pay to Guru Nanak Dev Ji is to adopt his noble teachings as a way of our lives. The entire Sangat is humbly requested to participate in this "Gurupurb" and do the SEWA with TAN, MAN and DHAN.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |
| | 925-366-3618 | 408-460-0262 | 209-834-4641 | 408-718-2506 |


# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਦੀਵਾਲੀ ਮਨਾਈ ਗਈ

**ਪਿਟਸਬਰਗ-** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਬੀਤੀ 7 ਨਵੰਬਰ ਨੂੰ ਦੀਵਾਲੀ ਦਾ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਭਾਈ ਰਮੇਸ਼ ਸੁਮਨ, ਬੀਬੀ ਗਿਆਨ ਸੁੰਮਨ ਅਤੇ ਪਰਿਵਾਰ ਵੱਲੋਂ ਕੀਤੀ ਗਈ। ਇਹ 6ਵਾਂ ਸਾਲ ਸੀ ਜਦੋਂ ਗੁਰੂ ਘਰ ਵਿਖੇ ਸੰਗਤ ਨੇ ਦੀਵਾਲੀ ਦਾ ਤਿਉਹਾਰ ਮਨਾਇਆ। ਸਾਰੇ ਆਸੇ-ਪਾਸੇ ਦੇ ਸ਼ਹਿਰਾਂ ਤੋਂ ਸੰਗਤ ਲੇ ਇੱਥੇ ਸ਼ਿਰਕਤ ਕੀਤੀ। ਕਰੀਬ 800 ਸੰਗਤਾਂ ਨੇ ਗੁਰੂ ਘਰ ਵਿਖੇ ਦੀਵਾਲੀ ਸਮਾਗਮ ਦਾ ਆਨੰਦ ਮਾਣਿਆ। ਗੁਰੂ ਘਰ ਨੂੰ ਲਾਈਟਾਂ/ਰੋਸ਼ਨੀਆਂ, ਮੋਮਬੱਤੀਆਂ, ਦੀਵਿਆਂ ਨਾਲ ਸਜਾਇਆ ਗਿਆ। ਰਾਤੀ 11 ਵਜੇ ਤੱਕ ਸੇਵਾਦਾਰਾਂ ਨੇ ਲੰਗਰ ਦੀ ਸੇਵਾ ਕੀਤੀ।











ਰਿਪੋਰਟ ਅਤੇ ਤਸਵੀਰਾਂ- ਰਮੇਸ਼ ਸੁੰਮਨ






ੴ ਸਤਿਗੁਰ ਪ੍ਰਸਾਦਿ

# Shri Guru Ravidass Temple

**6221, 16th Street, Rio Linda, Sacramento, CA-95673**








## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂੰਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ ਹੋਵਣ ਜੀਓ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਸ਼੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ (ਸੈਕਰਾਮੈਂਟੋ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਖੰਡ ਪਾਠ ਸਾਹਿਬ ਦੇ ਜਾਪ ਕਰਵਾਏ ਜਾ ਰਹੇ ਹਨ, ਜਿਨ੍ਹਾਂ ਦੇ ਭੋਗ ਐਤਵਾਰ ਦੇ ਦਿਵਾਨਾਂ ਵਿੱਚ ਪਾਏ ਜਾਣਗੇ ਅਤੇ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਕਥਾ ਕੀਰਤਨ ਹੋਣਗੇ ਜੀ।

ਸਭ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਣੇ ਪਰਿਵਾਰ, ਦੋਸਤਾਂ ਅਤੇ ਰਿਸ਼ਤੇਦਾਰਾ ਸਹਿਤ ਗੁਰੂਘਰ ਵਿਖੇ ਦਰਸ਼ਨ ਦੇਣ ਦੀ ਕਿਰਪਾ ਕਰਨੀ ਜੀ।

**ਸੇਵਾ:**
ਸ਼੍ਰੀ ਅਵਤਾਰ ਸਿੰਘ ਪਲਾਹੀ,
ਬੀਬੀ ਜਸਵੀਰ ਕੌਰ ਪਲਾਹੀ,
ਪਲਾਹੀ ਪਰਿਵਾਰ ਅਤੇ ਸਮੂੰਹ ਸੰਗਤਾਂ

**ਪ੍ਰੋਗਰਾਮ ਦਾ ਵੇਰਵਾ:**
ਅਖੰਡ ਪਾਠ ਆਰੰਭ: 23 ਨਵੰਬਰ 2018 ਸਵੇਰੇ 10:00 ਵਜੇ
ਅਖੰਡ ਪਾਠ ਭੋਗ: 25 ਨਵੰਬਰ 2018 ਸਵੇਰੇ 9:30 ਤੋ 2:00 ਵਜੇ ਤੱਕ

**ਸਥਾਨ: ਸ਼੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ 6221 16th Street Rio Linda, California-95673 Ph. (916) 992-1710**

ਸ਼੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ ਪ੍ਰਬੰਧਕ ਕਮੇਟੀ ਵੱਲੋਂ ਸਭ ਸੰਗਤ ਦਾ ਹਾਰਦਿਕ ਧੰਨਵਾਦ ਜੀ

**ਵਿਸੇਸ਼ ਸੂਚਨਾ:** ਗੁਰੂਘਰ ਦੀਆਂ ਨਵੀਆਂ ਇਮਾਰਤਾਂ ਦੀ ਉਸਾਰੀ ਹੋਣ ਜਾ ਰਹੀ ਹੈ ਜੀ ਆਪ ਆਪਣੀ ਕਿਰਤ ਕਮਾਈ ਵਿਚੋਂ ਯੋਗਦਾਨ ਦੇ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸਾਲਾਨਾ ਨਗਰ ਕੀਰਤਨ ਦੇ ਸਬੰਧ ਵਿਚ ਲੜੀਵਾਰ ਪ੍ਰੋਗਰਾਮਾਂ ਦੀ ਬੁਕਿੰਗ ਖੁੱਲ੍ਹੀ ਹੈ ਜੀਓ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਦੀਪਕ ਸਰੋਆ (408) 650-2699
We are also encouraging our sangat to donate online for our new building @ https://www.facebook.com / shrigururavidasstemplesacramento/

ਹੋਰ ਜਾਣਕਾਰੀ ਲਈ ਸੰਪਰਕ ਕਰੋ- ਰਾਜ ਬੱਧਣ (916-601-3842), ਤੇਜਾ ਵਿਰਕ (916-912-5678), ਇੰਦਰਜੀਤ ਪਡਵੱਗਾ (916-276-2538)

# ਵਲੇਹੋ 'ਚ ਧੰਨ ਧੰਨ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ



























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

# Shri Guru Ravidass Sabha (Bay Area) California (USA)
# 31252 Veasy Street Union City California, 94587



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

**ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਸਿੱਖ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ**

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਸਮੂਹ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਨਵੰਬਰ **25, 2018 ਦਿਨ ਐਤਵਾਰ ਨੂੰ** ਨਿਊਵਰਕ ਕਮਿਊਨਿਟੀ ਸੈਂਟਰ ਸਥਾਨ 35501 ਸੀਡਰ ਬੋਲਵਾਰਡ, ਨਿਊਵਰਕ, ਕੈਲੀਫੋਰਨੀਆ- 94560 ਵਿਖੇ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਨਾਨਕ ਦੇਵ ਜੀ, ਜੋ ਸਿੱਖ ਧਰਮ ਦੇ ਮੋਢੀ ਹਨ ਅਤੇ ਉਹਨਾਂ ਨੇ ਸਭ ਨੂੰ ਆਪਸੀ ਭਾਈਚਾਰਾ, ਸ਼ਾਂਤੀ ਅਤੇ ਬਰਾਬਰਤਾ ਦਾ ਸੰਦੇਸ਼ ਦਿੱਤਾ। ਰੋਜ਼ਾਨਾ ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ ਦੇ ਉਪਦੇਸ਼ ਦਿੱਤੇ।



ਸਮੂਹ ਸੰਗਤ ਜੀ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ। ਗੁਰਬਾਣੀ ਕੀਰਤਨ ਸਰਬਣ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ ਅਤੇ ਸਤਿਗੁਰ ਜੀ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ। ਇਸ ਪ੍ਰੋਗਰਾਮ ਦੇ ਲੰਗਰਾਂ ਦੀ ਸੇਵਾ ਸਮੂਹ ਸੰਗਤਾਂ ਵੱਲੋਂ ਕਰਵਾਈ ਜਾ ਰਹੀ ਹੈ। ਵਾਹਿਗੁਰੂ ਸਭ ਸੰਗਤਾਂ ਨੂੰ ਚੜ੍ਹਦੀਕਲਾ ਵਿਚ ਰੱਖੇ।
ਬੇਨਤੀ- ਸਮੂਹ ਸੰਗਤ ਜੀ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਮਾਇਆ ਦਾ ਦਾਨ ਗੁਰੂ ਘਰ ਨੂੰ ਕਰੋ ਜੀ ਤਾਂ ਜੋ ਗੁਰੂ ਘਰ ਦੀ ਇਮਾਰਤ ਦਾ ਕੰਮ ਜਲਦੀ ਆਰੰਭ ਹੋ ਸਕੇ ਜੀ।

## ਹੋਰ ਜਾਣਕਾਰੀ ਲਈ ਸੰਗਤ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ:

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਖਜਾਨਚੀ |
|---|---|---|---|
| ਵਿਨੋਦ ਕੁਮਾਰ | ਕੇਵਲ ਸਿੰਘ | ਸ਼ਿਵ ਸਿੰਘ ਸਿੱਧੂ | ਸੰਤੋਖ ਸਿੰਘ ਸਰੋਇਆ |
| 510-953-9800 | 510-299-6418 | 510-386-2715 | 408-509-0697 |

# ਪੰਜਾਬ ਲੋਕ ਰੰਗ ਪੇਸ਼ ਕਰਦਾ ਹੈ


# ਮਹਾਰਾਣੀ ਜਿੰਦਾਂ MAHARANI JINDAN

The legacy of Sikh Raj & its downfall
Written & Directed by Surinder Singh Dhanoa

## December 1st, 2018

California Theatre 351 Railroad Ave Pittsburg CA, 94565

Doors open at: 5pm
Play starts at: 6 pm





**For tickets and more information, contact:**
Pali Dhanaula (510) 992-9285, Anoop Singh Cheema (925) 250-4546, Ramesh Suman (925) 366-3618, Shashi Paul (707) 372-5657, Fakira Mehmi (925) 698-1341

**Tickets can be purchased at:**
Chicago Pizza, 2961 Railroad Ave, Pittsburg, CA (925) 473-9000, Spice of India, 3739 Railroad Ave Pittsburg, CA (925)432-6826
Dass Sweets, 309 H Street, Antioch, CA (925)754-3277, Apna Bazar , 101 Railroad Ave, Antioch, CA (925) 778-7860

**Sponsors:** Banga Constructions - Pittsburg, Chicago Pizza - Pittsburg, Dass Sweets - Antioch, Discount Cigar & Cigarette - Vallejo, Food Fair - Vacaville, K&B Auto Sales - Gilroy, Majestic Homes – Antioch, Spice of India - Pittsburg **(Sponsorships are available)**

# L.A. MERCHANDISE

## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99

Bio Bidet Elite 2 $ 39.99+ Tax

ਪੱਗਾਂ

ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।

ਸੂਟ

ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ

ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans- mission, Body and Paint Work We Sell Used Cars at a Good Price**



Free Estimates
Free Towing

510- 733- 2222

1421 Industrial PKWY West#F Hay- ward, CA 94544



Prop: Jasbir Singh Takhar
510-755-2132

Harmandeep Singh

# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532

# ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ

ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer



ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

**DRIVER HIRING** ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ

**INSPECTION RECORD** ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ

**DRIVING REVIEW** ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ

**ACCIDENT REPORTS** ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ

**TRUCK MAINTENANCE** ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ

eLog Book Integration COMING SOON

WE HANDLE DOT AUDITS

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

Tel: 800.936.4011 • 209.636.0880

RAJINDER SINGH

GLOBAL SOLUTION FOR TRANSPORTATION (A PAPERLESS SOLUTION FOR TRUCKING)

LAKHVIR SINGH

email: info@etruckingsolution.com • www.etruckingsolution.com

# ਆਸੀਆ ਬੀਬੀ: ਨਾ ਜ਼ਮੀਂ ਨਾ ਆਸਮਾਂ

## ਆਪਣੀ ਕਰਨੀ

ਪ੍ਰੋ. (ਡਾ.) ਕ੍ਰਿਸ਼ਨ ਕੁਮਾਰ ਰੱਤੂ
91-9478730156



'ਸਭ ਕੁਝ ਬਦਲ ਰਿਹਾ ਹੈ,
ਮੈਂ ਸਭ ਕੁਝ ਬਦਲ ਰਿਹਾ ਹਾਂ।
ਮੇਰੇ ਅਨੁਸਾਰ ਹੋਵੇਗੀ ਹੁਣ ਤੋਂ ਇਹ ਵਰਣਮਾਲਾ
ਇਹ ਰਾਜ ਭੀੜ ਦਾ ਹੋਵੇਗਾ।''
ਕੱਟੜਵਾਦ ਬਾਰੇ ਇਕ ਕਵਿਤਾ ਦੇ ਅੰਸ਼

ਇਹ ਸ਼ਬਦ ਕਵਿਤਾ ਵਿਚ ਤਾਂ ਬੇਹੱਦ ਚੰਗੇ ਲੱਗਦੇ ਹਨ ਪਰ ਜ਼ਿੰਦਗੀ ਦੇ ਧੁੰਦ ਦੀ ਲੜਾਈ ਵਿਚ ਇਹ ਜਾਨ ਦਾ ਜੋਖਮ ਬਣ ਜਾਂਦੇ ਹਨ। ਹੁਣ ਇਹ ਫੈਸਲਾ ਤੁਹਾਡੇ 'ਤੇ ਹੈ ਕਿ ਤੁਸੀਂ ਜਿਉਂਦੇ ਰਹਿਣਾ ਚਾਹੁੰਦੇ ਹੋ ਜਾਂ ਸਿਰਫ਼ ਕਮਰਿਆਂ 'ਚ ਬੈਠ ਕੇ ਇਤਿਹਾਸ ਮਿਥਿਹਾਸ ਤੇ ਵਰਤਮਾਨ ਨੂੰ ਸ਼ਬਦਾਂ ਦੀ ਚਾਸ਼ਨੀ ਨਾਲ ਨਿਕੰਮਾਪਣ ਦੇਣ ਦੇ ਜ਼ਿੰਮੇਵਾਰ ਹੋ।

ਸਮੇਂ ਦੀ ਇਹ ਦੇਸ਼ ਕਾਲ ਸਥਿਤੀ ਤੁਹਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਤੁਹਾਡੇ ਸ਼ਬਦ ਹੁਣ ਕਿਸੇ ਦੀ ਜਾਨ ਨਹੀਂ ਬਚਾ ਸਕਦੇ। ਤੁਹਾਡੀਆਂ ਅਦਾਲਤਾਂ ਤੇ ਕਾਨੂੰਨ ਤੁਹਾਨੂੰ ਸ਼ਬਦਾਂ 'ਚ ਦੋਸ਼ ਮੁਕਤ ਤੇ ਜ਼ਿੰਦਗੀ ਦੀ ਤਾਰੀਖ਼ ਵਿਚ ਜ਼ਿੰਦਾ ਰੱਖਦੇ ਹਨ ਪਰ ਸੜਕ ਤੇ ਉੱਤਰੀ ਬੇਮੁਹਾਰੀ ਭੀੜ ਦੇ ਗੁੱਸੇ ਤੇ ਨਿਕੰਮੇ ਰਾਜਨੀਤਿਕ ਤੰਤਰ ਦੇ ਚਲਦਿਆਂ ਤੁਹਾਡੀ ਜਾਨ ਦੀ ਹਿਫ਼ਾਜ਼ਤ ਨਹੀਂ ਤੇ ਤੁਸੀਂ ਭੀੜ ਦੇ ਉਨਮਾਦ ਦਾ ਸ਼ਿਕਾਰ ਹੋ ਸਕਦੇ ਹੋ। ਧਾਰਮਿਕ ਕੱਟੜਤਾ ਤੇ ਜੀਣ ਦਾ ਅਧਿਕਾਰ ਅਦਾਲਤੀ ਫੁਰਮਾਨ ਤੇ ਸੰਵਿਧਾਨ ਦੀਆਂ ਧੱਜੀਆਂ ਕਿਵੇਂ ਉੱਡ ਜਾਂਦੀਆਂ ਹਨ। ਇਹ ਪਾਕਿਸਤਾਨ ਵਿਚ ਬੀਬੀ ਆਸੀਆ ਦੇ ਕੇਸ ਵਿਚ ਪੂਰੀ ਦੁਨੀਆਂ ਵੇਖ ਰਹੀ ਹੈ। ਪਾਕਿ-ਸਤਾਨ ਦੀ ਸਰਬ-ਉਚ ਅਦਾਲਤ ਸੁਪਰੀਮ ਕੋਰਟ ਨੇ ਆਸੀਆ ਬੀਬੀ ਨੂੰ ਉਸ ਕੇਸ ਵਿਚ ਬਰੀ ਕਰ ਦਿੱਤਾ ਹੈ, ਜਿਸ ਵਿਚ ਉਸ 'ਤੇ ਪਿਛਲੇ 10 ਵਰ੍ਹਿਆਂ ਤੋਂ ਕੇਸ ਚੱਲ ਰਿਹਾ ਸੀ। ਹਾਈਕੋਰਟ ਦੀ ਮੌਤ ਦੀ ਸਜ਼ਾ ਦਾ ਫੁਰਮਾਨ ਸੁਪਰੀਮ ਕੋਰਟ ਨੇ ਗਲਤ ਪਾਇਆ ਤੇ ਆਸੀਆ ਬੀਬੀ ਨੂੰ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ ਪਰ ਅਦਾਲਤ ਤੋਂ ਬਾਹਰ ਭੀੜ ਕਹਿ ਰਹੀ ਹੈ ਕਿ ਅਸੀਂ ਅਦਾਲਤ ਦਾ ਹੁਕਮ ਨਹੀਂ ਮੰਨਦੇ। ਅਸੀਂ ਉਸ ਜੱਜ ਨੂੰ ਵੀ ਮਾਰ ਮੁਕਾਵਾਂਗੇ। ਪ੍ਰਸ਼ਨ ਇਹ ਹੈ ਤੁਹਾਡਾ ਤੰਤਰ, ਸੰਵਿਧਾਨ ਤੇ ਸਰਕਾਰ ਕਿੱਥੇ ਹੈ।






ਅਸਲ ਵਿਚ ਇਹ ਧਾਰਮਿਕ ਕੱਟੜਤਾ ਦੀ ਉਚਤਮ ਹੱਦ ਹੈ, ਜਿੱਥੇ ਕਾਨੂੰਨ ਭੀੜ ਵਿਚ ਖਤਮ ਹੋ ਜਾਂਦਾ ਹੈ ਤੇ ਜਨੂੰਨੀ ਲੋਕ ਮੌਤ ਦਾ ਨਾਚ ਸੜਕਾਂ 'ਤੇ ਖੇਡਦੇ ਹਨ। ਸਰਕਾਰੀ ਜਾਇਦਾਦ ਤੇ ਲੋਕ ਮੌਤ ਦਾ ਸ਼ਿਕਾਰ ਹੁੰਦੇ ਹਨ। ਭੀੜਤੰਤਰ ਤੇ ਕਾਨੂੰਨ ਵਿਚ ਇਹ ਜੁਗਲਬੰਦੀ ਹੈ।

ਦੱਖਣੀ ਏਸ਼ੀਆਈ ਦੇਸ਼ਾਂ ਵਿਸ਼ੇਸ਼ ਕਰ ਭਾਰਤੀ ਉਪ-ਮਹਾਂਦੀਪ ਵਿਚ ਇਹ ਸਥਿਤੀ ਆਮ ਹੈ, ਜਿੱਥੇ ਵਿਵਸਥਾ, ਅਦਾਲਤਾਂ ਤੇ ਸੰਵਿਧਾਨ ਇਸ ਤਰ੍ਹਾਂ ਦੀ ਉਨਮਾਦੀ ਭੀੜ ਦਾ ਸ਼ਿਕਾਰ ਹੋ ਕੇ ਬੇਵੱਸ ਹੋ ਰਹੀਆਂ ਹਨ। ਜੰਗਲ ਰਾਜ ਦੀ ਇਕ ਪਰਿਭਾਸ਼ਾ ਹੈ ਇਹ ਸਥਿਤੀ।

ਪਹਿਲੀ ਵਾਰੀ ਪਾਕਿਸਤਾਨ ਦੀ ਸੁਪਰੀਮ ਅਦਾਲਤ ਨੇ ਮੰਨਿਆ ਹੈ ਕਿ ਦੇਸ਼ ਵਿਚ ਈਸ਼ਨਿੰਦਾ ਅਰਥਾਤ ਧਾਰਮਿਕ ਅਕੀਦੇ ਦੇ ਗੁਰੂ ਦੇ ਵਿਰੁੱਧ ਕੁਝ ਵੀ ਸੁਣਿਆ ਨਹੀਂ ਜਾ ਸਕਦੈ। ਦੁਨੀਆਂ ਦੇ ਬਾਕੀ ਦੇਸ਼ਾਂ ਦੇ ਧਰਮਾਂ ਤੇ ਰੀਤੀ-ਰਿਵਾਜਾਂ ਤੋਂ ਇਹ ਇਸਲਾਮ ਧਰਮ ਵਿਚ ਸ਼ਾਇਦ ਸਭ ਤੋਂ ਜ਼ਿਆਦਾ ਹੈ ਅਤੇ ਨਤੀਜੇ ਵਜੋਂ ਕੱਟੜਵਾਦ ਦੀ ਭੀੜ-ਭਰੀ ਤੰਤਰ ਵਿਵਸਥਾ ਵਿਚ ਤਥਾਕਥਿਤ ਲੋਕ ਰਾਜ ਕਿਧਰੇ ਸਿਮਟ ਕੇ ਰਹਿ ਜਾਂਦਾ ਹੈ ਤੇ ਆਸੀਆ ਬੀਬੀ ਲਈ ਮੌਤ-ਦਰ-ਮੌਤ ਹੈ ਜ਼ਿੰਦਗੀ ਦਾ ਸਫ਼ਰ।

ਆਸੀਆ ਬੀਬੀ ਦੀ ਕਹਾਣੀ ਵੀ ਅਜੀਬ ਹੈ, ਜਿਸਨੇ ਸਾਰ ਦੁਨੀਆਂ ਨੂੰ ਪ੍ਰਭਾਵਿਤ ਕੀਤਾ ਹੈ ਕਿ ਕਾਨੂੰਨ ਤੇ ਭੀੜਤੰਤਰ ਤੇ ਹੁਣ ਬਹਿਸ ਹੋਣੀ ਚਾਹੀਦੀ ਹੈ।

ਆਸੀਆ ਬੀਬੀ ਅਸਲ ਵਿਚ ਦੁੱਖਾਂ ਦੀ ਉਹ ਕਹਾਣੀ ਹੈ ਜੋ ਸ਼ਾਇਦ ਜ਼ਿੰਦਗੀ ਦੀ ਤਲਾਸ਼ ਵਿਚ ਕਦੀ ਖਤਮ ਨਹੀਂ ਹੋਵੇਗੀ। 2009 ਦੇ 14 ਜੂਨ ਦੇ ਦਿਨ ਵਾਪਰੀ ਆਮ ਜਿਹੀ ਘਟਨਾ ਬਾਰੇ ਆਸੀਆ ਬੀਬੀ ਨੂੰ ਸ਼ਾਇਦ ਇਲਮ ਹੀ ਨਹੀਂ ਹੋਵੇਗਾ ਕਿ ਇਹ ਘਟਨਾ ਐਨੀ ਵੱਡੀ ਤੇ ਇਹੋ ਜਿਹਾ ਰੰਗ ਵੀ ਲੈ ਸਕਦੀ ਹੈ ਕਿ ਸਰਕਾਰਾਂ ਨੂੰ ਸੋਚਣਾ ਪਵੇ ਕਿ ਸੰਵਿਧਾਨ ਵੱਡਾ ਹੈ ਜਾਂ ਭੀੜ ਦੀ ਸ਼ੋਰ-ਭਰੀ ਹੁੰਕਾਰ। ਗਰਮੀ ਨਾਲ ਬੇਹਾਲ ਹੋਈ ਫਾਲਸੇ ਤੋੜਦੀ ਆਸੀਆ ਬੀਬੀ ਨੂੰ ਪਿਆਸ ਲਈ ਖੂਹ ਤੋਂ ਪਾਣੀ ਕੱਟਣ ਤੇ ਪੀਣ ਦੇ ਦੋਸ਼ ਤੋਂ ਐਨੀ ਵੱਡੀ ਸਜ਼ਾ ਮਿਲੇਗੀ ਕਿ ਉਹ ਫਾਂਸੀ ਦੇ ਤਖਤੇ ਜਾ ਪਹੁੰਚੇਗੀ।

ਪਾਕਿਸਤਾਨ ਦਾ ਧਾਰਮਿਕ ਨਿੰਦਾ ਕਾਨੂੰਨ ਤੁਹਾਨੂੰ ਇਸਲਾਮ ਬਾਰੇ ਟਿੱਪਣੀ ਕਰਨ ਦਾ ਅਧਿਕਾਰ ਨਹੀਂ ਦਿੰਦਾ ਹੈ। ਇਹ ਕਾਰਨ ਹੈ ਕਿ ਉਥੇ ਇਸ ਨੂੰ ਮਜ਼ਹਬੀ ਤੇ ਘੱਟ ਗਿਣਤੀਆਂ ਨੂੰ ਦਬਾਉਣ ਲਈ ਕੀਤਾ ਜਾਂਦਾ ਹੈ। ਕੈਥੋਲਿਕ ਇਸਾਈ ਫਿਰਕੇ ਨਾਲ ਸਬੰਧਿਤ ਆਸੀਆ ਬੀਬੀ ਨੂੰ ਅਸਲ ਵਿਚ ਕੁਝ ਵੀ ਪਤਾ ਨਹੀਂ ਹੈ ਪਰ ਉਹ ਆਪਣੇ-ਆਪ ਨੂੰ ਇਸਾਈ ਮੰਨਦੀ ਹੈ। ਇਸ ਤਰ੍ਹਾਂ ਪਾਕਿ 'ਚ 62 ਲੋਕਾਂ ਦੀ ਨਿ-ਰਦੋਸ਼ ਮੌਤ ਹੋ ਚੁੱਕੀ ਹੈ। ਕੋਰੀ ਅਨਪੜ੍ਹ ਤੇ ਪੰਜ ਬੱਚਿਆਂ ਦੀ ਮਾਂ ਆਸੀਆ ਬੀਬੀ ਦੇ ਇਸ ਪਾਣੀ ਪੀਣ ਦੇ ਝਗੜੇ ਨੇ ਧਾਰਮਿਕ ਬਦਲਾਖੋਰੀ ਦਾ ਰੂਪ ਲੈ ਲਿਆ। 2016 'ਚ ਮੌਤ ਦੀ ਸਜ਼ਾ ਬਰਕਰਾਰ ਰਹੀ ਅਤੇ ਜਦੋਂ ਅਮਰੀਕਾ 'ਚ ਪੜ੍ਹੇ-ਲਿਖੇ ਗਵਰਨਰ ਸਲਮਾਨ ਤਾਸੀਰ ਨੇ ਇਸ 'ਤੇ ਟਿੱਪਣੀ ਅਤੇ ਇਸ ਨੂੰ ਨਾਜਾਇਜ਼ ਦੱਸਿਆ ਤਾਂ ਉਸਦੇ ਹੀ ਕੱਟੜਪੰਥੀ ਗੰਨਮੈਨ ਨੇ ਉਸਨੂੰ ਗੋਲੀ ਨਾਲ ਉਡਾ ਦਿੱਤਾ। ਇਕ ਜੋੜੇ ਨੂੰ ਜ਼ਿੰਦਾ ਜਲਾਇਆ ਗਿਆ ਤੇ ਹੁਣ ਆਸੀਆ ਬੀਬੀ ਦੀ ਵਾਰੀ ਹੈ।

### ਜ਼ਿੰਦਗੀ ਦਾ ਦੂਸਰਾ ਚਿਹਰਾ

ਆਸੀਆ ਬੀਬੀ ਦਾ ਅਨਪੜ੍ਹ ਪਤੀ ਆਸ਼ਿਕ ਮਸੀਹ ਕਿਵੇਂ ਦਰ-ਦਰ ਧੱਕੇ ਖਾ ਕੇ ਮਜ਼ਦੂਰੀ ਵਿਹੂਣਾ ਆਪਣੇ ਮਾਨਸਿਕ ਤੌਰ 'ਤੇ ਰੋਗੀ ਹੋ ਰਹੇ ਭੁੱਖਿਆਂ ਬੱਚਿਆਂ ਨਾਲ ਇਹ ਕੇਸ ਲੜ ਰਿਹਾ ਹੈ, ਇਹ ਜ਼ਿੰਦਗੀ ਦਾ ਡਰਾਉਣਾ ਚਿਹਰਾ ਹੈ। ਪਿੰਡ ਵਾਲਿਆਂ ਨੇ ਉਸ ਦੇ ਘਰੋਂ ਪਿੰਡ 'ਚੋਂ ਉਸਨੂੰ ਬੇਦਖਲ ਕਰ ਦਿੱਤਾ ਹੈ। ਕਿਵੇਂ ਉਸਨੇ ਮਦਦ ਲਈ ਤੇ ਹੁਣ ਆਸੀਆ ਬੀਬੀ ਲਈ ਪੱਛਮੀ ਦੇਸ਼ ਵਿਚ ਸ਼ਰਨ ਦੀ ਗੁਹਾਰ ਲਗਾਈ ਹੈ ਪਰ ਪਾਕਿਸਤਾਨ ਸਮਾਜਿਕ ਵਿਵਸਥਾ 'ਚ ਕੱਟੜਪੰਥੀ ਭੀੜ ਉਸਨੂੰ ਸੁਪਰੀਮ ਕੋਰਟ ਤੋਂ ਬਰੀ ਹੋ ਕੇ ਰਿਹਾਅ ਹੋਣ ਤੋਂ ਬਾਅਦ ਵੀ ਮੌਤ ਦਾ ਫੁਰਮਾਨ ਸੁਣਾ ਰਹੀ ਹੈ।

ਆਪਣੇ ਫੈਸਲੇ 'ਚ ਸੁਪਰੀਮ ਕੋਰਟ ਦੇ ਜੱਜ ਆਸਿਫ ਖੋਸਾ ਨੇ ਲਿਖਿਆ ਹੈ ਕਿ ਧਾਰਮਿਕ ਤੌਰ ਤੇ ਈਸ਼ਨਿੰਦਾ ਦੀ ਸਜ਼ਾ ਮੌਤ ਜਾਂ ਉਮਰ ਕੈਦ ਹੈ ਪਰ ਇਸਨੂੰ ਝੂਠੇ ਜੁਰਮਾਂ ਲਈ ਵਰਤਿਆ ਜਾਂਦਾ ਹੈ ਜੋ ਕਾਨੂੰਨ ਦੀ ਗਲਤ ਵਿਆਖਿਆ ਹੈ। ਇਹ ਫੈਸਲਾ ਆਉਂਦਿਆਂ ਹੀ ਪਾਕਿਸਤਾਨ ਦੀਆਂ ਤਮਾਮ ਕੱਟੜਪੰਥੀ ਤਾਕਤਾਂ ਦੇ ਨਾਲ ਤਹਿਰੀਕੇ ਲਬੈਕ ਨੇ ਆਸੀਆ ਤੇ ਪਰਿਵਾਰ ਅਤੇ ਸੁਪਰੀਮ ਕੋਰਟ ਦੇ ਜੱਜਾਂ ਨੂੰ ਮੌਤ ਦੇ ਘਾਟ ਉਤਾਰਨ ਦੇ ਹੁਕਮ ਜਾਰੀ ਕਰਕੇ ਭੀੜ ਨੂੰ ਸੜਕਾਂ 'ਤੇ ਲਿਆਂਦਾ ਹੈ। ਬੀਬੀ ਆਸੀਆ ਦਾ ਮਾਨਵੀ ਆਧਾਰ 'ਤੇ ਕੇਸ ਲੜਨ ਵਾਲੇ ਵਕੀਲ ਸੈਫੂਲ ਵੀ ਦੇਸ਼ ਛੱਡ ਕੇ ਚਲੇ ਗਏ ਹਨ।

ਹੁਣ ਬੀਬੀ ਆਸੀਆ ਦੁਨੀਆਂ ਦੇ ਕਿਸ ਦੇਸ਼ ਜਾਵੇ। ਅਨਪੜ੍ਹ ਬੀਬੀ ਲਈ ਨਾ ਜ਼ਮੀਨ ਦਾ ਕੋਈ ਟੁਕੜਾ ਰਹਿਣ ਲਈ ਹੈ ਤੇ ਨਾ ਹੀ ਕੋਈ ਆਸਮਾਂ ਸਿਰ ਢਕਣ ਲਈ। ਹਾਲਾਂਕਿ ਬਹੁਤ ਸਾਰੇ ਦੇਸ਼ਾਂ ਨੇ ਉਸਨੂੰ ਆਪਣੇ ਦੇਸ਼ ਵਿਚ ਸ਼ਰਨ ਦੇਣ ਦੀ ਪੇਸ਼ਕਸ਼ ਕੀਤੀ ਹੈ ਪਰ ਸਵਾਲ ਇਹ ਹੈ ਕਿ ਹੁਣ ਇਹ ਫੈਸਲਾ ਕੌਣ ਕਰੇਗਾ ਕਿ ਉਹ ਕਿਵੇਂ ਜੀਵੇ ਤੇ ਕਿਸ ਦੇਸ਼ ਦੀ ਧਰਤੀ 'ਤੇ।

ਇਕ ਦਹਾਕੇ ਤੱਕ ਚੱਲੇ ਕੇਸ ਵਿਚ ਕਿੰਨੀਆਂ ਜਾਨਾਂ ਗਈਆਂ ਤੇ ਲੇਖਕ ਤਾਸੀਰ ਗਵਰਨਰ ਦੀ ਜਾਨ ਵੀ ਚਲੀ ਗਈ ਜੋ ਬੀਬੀ ਆਸੀਆ ਨੂੰ ਮਿਲਣ ਗਏ ਸਨ। ਅਸਫਲ ਸਰਕਾਰਾਂ ਕਿਵੇਂ ਸ਼ਬਦੀ ਸੰਵਿਧਾਨ ਨੂੰ ਸਿਰੇ ਟੰਗ ਕੇ ਆਪਣੇ ਲੋਕਾਂ ਦੀ ਜਾਨ ਜੋਖਿਮ ਵਿਚ ਪਾ ਕੇ ਉਹਨਾਂ ਦੇ ਅਧਿਕਾਰ ਖੋਹ ਲੈਂਦੀਆਂ ਹਨ। ਬੇਵੱਸ ਬੀਬੀ ਆਸੀਆ ਵਰਗੇ ਸੈਂਕੜੇ ਲੋਕ ਜ਼ਿੰਦਗੀ ਤੋਂ ਨਿਹੱਥੇ ਰੂਪ 'ਚ ਹੱਥ ਧੋ ਬੈਠਦੇ ਹਨ।

ਬੀਬੀ ਆਸੀਆ ਇਕ ਪ੍ਰਤੀਕ ਹੀ ਨਹੀਂ- ਜ਼ਿੰਦਗੀ ਦਾ ਉਹ ਚਿਹਰਾ ਹੈ ਜੋ ਸਾਨੂੰ ਅੱਜ ਦੀ ਭਿਆਨਕ ਸਥਿਤੀ ਦਿਖਾਉਂਦਾ ਹੈ ਜੋ ਕੱਟੜਪਣ ਦੀ ਰਵਾਇਤ ਨਾਲ ਜਮਹੂਰੀਅਤ, ਮਾਨਵੀ ਅਧਿਕਾਰ ਤੇ ਜਾਨ ਦ ਸਲਾਮਤੀ ਸਭ ਲਈ ਇਕ ਚੈਲਿੰਜ ਹੈ। ਇੱਧਰ ਸਾਡੇ ਆਪਣੇ ਦੇਸ਼ ਵਿਚ ਵੀ ਭੀੜਤੰਤਰ ਇਕ ਖਤਰਾ ਹੈ। ਇਹ ਸੰਵਿਧਾਨ ਦਾ ਮਖੌਲ ਹੈ ਕਿ ਉਹ ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਜ਼ਿੰਦਗੀ ਦੇਣ ਦੀ ਬਜਾਏ ਜ਼ਿੰਦਗੀ ਖੋਹ ਲੈਂਦਾ ਹੈ।

ਆਸੀਆ ਬੀਬੀ ਦੇ ਕੇਸ ਵਿਚ 25 ਗਵਾਹ ਭੁਗਤੇ। ਇਹ ਇਕ ਅਜਿਹਾ ਕੇਸ ਸੀ, ਜਿਸ ਵਿਚ ਇਕ ਪਾਸੇ ਇਕ ਆਸੀਆ ਬੀਬੀ ਤੇ ਬਾਹਰ ਹਜ਼ਾਰਾਂ ਆਦਮੀਆਂ ਦੀ ਭੀੜ ਖੜ੍ਹੀ ਹੁੰਦੀ ਸੀ। ਨੀਦਰਲੈਂਡ ਵਿਚ ਉਸਨੂੰ ਭੇਜਿਆ ਜਾ ਸਕਦੈ ਜੇਕਰ ਪਾਕਿਸਤਾਨ ਸਰਕਾਰ ਉਸਨੂੰ ਦੇਸ਼ 'ਚੋਂ ਹਿਫ਼ਾਜ਼ਤ ਨਾਲ ਭੇਜਣ 'ਚ ਕਾਮਯਾਬ ਹੋ ਜਾਵੇ।

ਆਸੀਆ ਬੀਬੀ ਦੇ ਇਸ ਕੇਸ ਨਾਲ ਇਹ ਰੋਚਕ ਤੱਥ ਸਾਹਮਣੇ ਆਏ ਹਨ ਕਿ ਤੁਸੀਂ ਕਿਵੇਂ ਤੇ ਕਿੱਥੇ ਜ਼ਿੰਦਾ ਰਹਿ ਸਕਦੇ ਹੋ? ਤੁਹਾਡੀ ਮਰਜ਼ੀ ਤੁਹਾਡੀ ਜ਼ਿੰਦਗੀ ਨਹੀਂ- ਮੌਤ ਸਾਹਮਣੇ ਹੈ।

ਜੇਕਰ ਇਹ ਸਭ ਕੁਝ ਨਿਜ਼ਾਮ ਦੇ ਨਾਂ ਤੇ ਲੱਚਰਤਾ ਤੇ ਪੰਗੂ ਹੋ ਕੇ ਰਹਿ ਗਿਆ ਹੈ ਤਾਂ ਸੰਵਿਧਾਨ ਦੇ ਅਰਥ ਕੀ ਹਨ ਅਤੇ ਲੋਕਤੰਤਰ ਤੇ ਅਰਥਾਂ ਦੀ ਪੜਤਾਲ ਕਰਨੀ ਹੋਵੇਗੀ।

ਸਮਾਂ ਤਾਂ ਬੀਤ ਜਾਂਦਾ ਹੈ।

ਇਹ ਸਮਾਂ ਹੀ ਹੈ ਜੋ ਸਾਡੀਆਂ ਤਾਰੀਖ਼ਾਂ ਤੇ ਤਵਾਰੀਖਾਂ ਦਾ ਇਤਿਹਾਸ ਰੱਖਦਾ ਹੈ।

ਇਸ ਮੋੜ 'ਤੇ ਆਸੀਆ ਬੀਬੀ ਦੀ ਤਾਰੀਖ਼ ਤੇ ਤਵਾਰੀਖ ਦਾ ਗਵਾਹ ਕਿਹੜੀ ਅਦਾਲਤ ਤੇ ਦੇਸ਼ ਹੈ, ਕੌਣ ਕਿਹੜੀ ਧਰਤੀ ਤੇ ਕਿਹੜਾ ਦੇਸ਼ ਹੈ, ਜਿੱਥੇ ਉਹ ਸਿਰ ਛਿਪਾ ਸਕਣ ਤੇ ਜਿਊਣ ਜੋਗਾ ਆਸਮਾਂ ਆਪਣੇ ਸਿਰ 'ਤੇ ਤਲਾਸ਼ ਸਕਣ।

ਵਕਤ ਦੇ ਪੰਨੇ ਤੇ ਬੀਬੀ ਆਸੀਆ ਉਕਰੇਗੀ ਜਾਂ ਮੌਤ ਦੇ ਆਗੋਸ਼ 'ਚ ਜਾਵੇਗੀ, ਇਹ ਅਲੱਗ ਸਵਾਲ ਹੈ ਪਰ ਸੱਚ ਇਹ ਹੈ ਕਿ ਕਾਨੂੰਨ, ਸੰਵਿਧਾਨ, ਭੀੜ ਤੇ ਸਮਾਜ ਦਾ ਆਤੰਕੀ ਗੁੱਸਾ ਪੂਰੀ ਦੁਨੀਆਂ ਵਿਚ ਕਿਹੋ ਜਿਹੇ ਸਮਾਜ ਦਾ ਸਿਰਜਣ ਕਰ ਰਿਹੈ, ਇਹ ਮੁੱਖ ਸਵਾਲ ਹੈ। ਕੀ ਬੀਬੀ ਆਸੀਆ ਦੇ ਬਹਾਨੇ ਅਸੀਂ ਇਹਨਾਂ ਸਵਾਲਾਂ ਬਾਰੇ ਜਾਗਰੂਕ ਹੋ ਸਕਦੇ ਹਾਂ ਜਾਂ ਇਵੇਂ ਬੀਬੀ ਆਸੀਆ ਤੇ ਉਸਦੇ ਛੋਟੇ ਬੱਚਿਆਂ ਨੂੰ ਭੁੱਖ 'ਚ ਤੜਫਦਾ ਹੋਇਆ ਮੌਤ ਦੇ ਹਵਾਲੇ ਕਰ ਦਿਆਂਗੇ। ਅਦਾਲਤੀ ਆਦੇਸ਼ ਕਿਵੇਂ ਕਾਗਜ਼ੀ ਸੰਵਿਧਾਨ 'ਚ ਬਦਲ ਜਾਣ ਤੇ ਮੌਤ ਜ਼ਿੰਦਗੀ ਦਾ ਯਥਾਰਥ ਬਣ ਕੇ ਮਾਨਵਤਾ ਨੂੰ ਕਲੰਕਿਤ ਕਰ ਦੇਵੇ। ਅਜੇ ਵੀ ਸੋਚਣ ਦੀ ਘੜੀ ਹੈ।

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ

One who enjoys peace in the company of holy even for an instant obtains millions of heavenly paradises

ਵਾਹਿਗੁਰੂ ੴ ਸਤਿਗੁਰ ਪ੍ਰਸਾਦਿ ਧੰਨ ਗੁਰੂ ਨਾਨਕ ਵਾਹਿਗੁਰੂ

San Francisco Sadh Sangat Samagam 2018
November 22 to November 25, 2018

El Sobrante Gurdwara Sahib
3550 Hillcrest Road, El Sobrante CA 94803

*Samagam starts at 4:30pm on November 22 (Thursday) and ends at 12:00pm on November 25 (Sunday)*

**November 22 (Thursday)**
4:30pm – 5:00pm Rehraas Sahib
5:00pm – 6:00pm Naam Simran
6:00pm – 6:30pm Gurbani Vichar
6:30pm – 9:00pm Akhand Kirtan
9:00pm Ardas, Samapti & Langar

**November 23, 24 (Friday and Saturday)**
5:00am – 6:00am Naam Simran
6:00am – 7:00am Nitnem
7:00am – 9:00am Asa Di Var
9:00am – 12:00pm Akhand Kirtan
12:00pm Ardas, Samapti & Langar
3:30pm – 4:30pm Naam Simran
4:30pm – 5:00pm Gurbani Vichar
5:00pm – 5:30pm Rehraas Sahib
5:30pm – 9:00pm Akhand Kirtan
900pm Ardas, Samapti & Langar

**November 25 (Sunday)**
5:00am – 6:00am Naam Simran
6:00am – 7:00am Nitnem
7:00am – 9:00am Asa Di Var
9:00am – 12:00pm Akhand Kirtan
12:00pm Ardas, Samapti & Langar

**Nearest Airports:** SFO (45 min), OAK (45 min), SJC (1.5 hours)
Sangat members who are flying are kindly requested to proceed outside your gate area for pickup
**Flying Sangat:** https://goo.gl/FaApw5
**Driving Sangat:** https://goo.gl/yaR1QG
OR please submit your itinerary to: **sfsamagam@gmail.com**

**AMRIT SANCHAR**
With Dhan Guru Granth Sahib Ji's grace, Amrit Sanchar would be taking place during the samagam
Those who are interested in taking Amrit are requested to inform any sewadar

**Accomodation Sewa:** Jagjit S Bhullar: 510-689-4752, **sfsamagam@gmail.com**
**Airport Sewa:** Ikjot Kaur: 408-483-1352, Ratan Deep Singh: 571-314-6779, **sfsamagam@gmail.com**
**More information**: Nixinder Singh: 707-326-1188, Sukhdev Singh: 925-354-9025

ਆਉ ਜੀ ਤੂ ਆਉ ਹਮਾਰੇ ਹਰਿ ਜਸੁ ਸ੍ਰਵਨ ਸੁਨਾਵਨਾ
Please come O please come in to the home of my heart that I may hear with my ears the Lord's praises

More information at: **samagams.info** and **samagams.org**

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ

## ਧੰਨ ਗੁਰੂ ਨਾਨਕ

ਪਾਪੀਆਂ ਤਾਈਂ ਤਾਰ ਦੇ ਫਿਰਦੇ ਸਤਿਗੁਰ ਨਾਨਕ ਪਿਆਰੇ,
ਚੱਕਰ ਲੌਂਦੇ ਦੁਨੀਆਂ ਉਤੇ ਏਮਨਾਂ ਬਾਅਦ ਭਦਾਰੇ।
ਕੱਠੀ ਹੋਈ ਆਣ ਲੁਕਾਈ ਕਰਨ ਦੇ ਲਈ ਦੀਦਾਰੇ,
ਗੋਬਿੰਦ ਭਓ ਭਗਤ ਦਾ ਭੁੱਖਾ ਦੇਖੇ ਨਹੀਂ ਚੁਬਾਰੇ।
ਏਮਨਾ ਬਾਅਦ ਦੇ ਵਿਚ ਇਕ ਵਸਦਾ ਸੀ ਸਿੱਖ ਸਿਦਕੀ ਭਾਈ,
ਧੰਨ ਗੁਰੂ ਨਾਨਕ।

ਲਾਲੋ ਦੇ ਘਰ ਸਤਿਗੁਰ ਨਾਨਕ ਨਾਮ ਦੀ ਸ਼ੈਬਰ ਲਾਈ,
ਗੁਰ ਬਾਣੀ ਦਾ ਰਸ ਮਾਨਣ ਲਈ ਕੱਠੀ ਹੋਈ ਲੁਕਾਈ।
ਜਨਮ ਸਫਲ ਕਰਦੇ ਸੀਲੋਕੀ ਕੀਰਤਨ ਹੋਏ ਸੁਭਾਈ,
ਮਰਦਾਨਾ ਰਬਾਬ ਬਜਾਵੇ ਬਾਲਾ ਚੋਰ ਝੁਲਾਈ।
ਸੜਦੇ ਸੀਨੇ ਸੀਤਲ ਹੁੰਦੇ ਬਾਣੀ ਸੁਣੀ ਇਲਾਹੀ,
ਧੰਨ ਗੁਰੂ ਨਾਨਕ।

ਮਲਕ ਭਾਗ ਸੀ ਸੇਠ ਸ਼ਹਿਰ ਦਾ ਉਸਨੂੰ ਕਿਸੇ ਸਿਖਾਇਆ,
ਕਹਿੰਦੇ ਸਤਿਗੁਰ ਨਾਨਕ ਨੇ ਸਭਨਾਂ ਦਾ ਧਰਮ ਗਵਾਇਆ।
ਉਚਿਆਂ ਦੇ ਘਰ ਛੱਡ ਨਾਨਕ ਨੀਚਾਂ ਘਰ ਡੇਰਾ ਲਾਇਆ,
ਲਾਲੋ ਦੇ ਘਰ ਰਹਿੰਦਾ ਹਰ ਦਮ ਤੇਰਾ ਮਾਣ ਘਟਾਇਆ।
ਮਲਕ ਭਾਗੋ ਗੁੱਸੇ ਵਿਚ ਆਇਆ ਚੁਗਲ ਜਾਂ ਚੁਗਲੀ ਲਾਈ,
ਧੰਨ ਗੁਰੂ ਨਾਨਕ।

ਮਲਕ ਭਾਗੋ ਨੇ ਜਗ ਰਚਾਇਆ ਖੋਲ੍ਹ ਬਿਅੰਤ ਭੰਡਾਰੇ,
ਕੱਠੇ ਕੀਤੇ ਸਾਧ ਪਾਖੰਡੀ ਮੰਤਰ ਬਹੁਤ ਉਚਾਰੇ।
ਸਤਿਗੁਰ ਜੀ ਨੂੰ ਸਦਮੇ ਮਲਕ ਭਾਗੋ ਨੇ ਬਚਨ ਪੁਕਾਰੇ,
ਰੁੱਖੀ ਰੋਟੀ ਤੇ ਮਨ ਰੀਝਿਆ ਭੋਜਨ ਛਕੋ ਹਮਾਰੇ।
ਲਾਲੋ ਤੋਂ ਲੱਖ ਦਰਜੇ ਚੰਗਾ ਸੁਰਤੀ ਵਧੇ ਸੁਆਈ,
ਧੰਨ ਗੁਰੂ ਨਾਨਕ।

ਸਤਿਗੁਰ ਨਾਨਕ ਇਹ ਗੱਲ ਸੁਣ ਕੇ ਕੌਤਕ ਨਵਾਂ ਰਚਾਇਆ,
ਇਕ ਹੱਥ ਦੇ ਵਿਚ ਪੂੜਾ ਲੈ ਕੇ ਟੁਕਰ ਦੂਏ ਦਬਾਇਆ।
ਪੂੜੇ ਵਿਚੋਂ ਖੂਨ ਨਿਕਲਿਆ ਟੁਕਰੋ ਦੁੱਧ ਚਵਾਇਆ,
ਲਾਲੋ ਕਿਰਤ ਧਰਮ ਦੀ ਕਰਦਾ ਤਾਂ ਸਤਿਗੁਰ ਨੂੰ ਭਾਇਆ।
ਦਸਾਂ ਨਹੁੰਆਂ ਦੀ ਕਿਰਤ ਜੋ ਕਰਦਾ ਹੁੰਦੀ ਸਫਲ ਕਮਾਈ,
ਧੰਨ ਗੁਰੂ ਨਾਨਕ।

ਮਲਕ ਭਾਗੋ ਤੂੰ ਜੁਲਮ ਹੈ ਕਰਦਾ ਨਿਤ ਗਰੀਬ ਸਤਾਵੇ,
ਖੂਨ ਗਰੀਬਾਂ ਦਾ ਨਿਤ ਪੀ ਕੇ ਮਾਇਆ ਜਮ੍ਹਾਂ ਕਰਾਵੇ।
ਲਾਲੋ ਜੋ ਹੈ ਭਗਤ ਰੱਬ ਦਾ ਉਸਨੂੰ ਚਿਤ ਨਾ ਲਿਆਵੇ,
ਛੱਡਦੇ ਤੂੰ ਗਰੀਬ ਸਤਾਉਣੇ ਨਹੀਂ ਨਰਕ ਨੂੰ ਜਾਵੇ।
ਅੰਤ ਨੂੰ ਮਾਇਆ ਸਾਥ ਨਾ ਜਾਣੀ ਹੋਣਾ ਰਾਮ ਸਹਾਈ।
ਧੰਨ ਗੁਰੂ ਨਾਨਕ।

ਸੁਣਕੇ ਸਿਖਿਆ ਚਰਨੀ ਡਿੱਗਿਆ ਭਰਮ ਗਿਆ ਉਡਾ ਸਾਰਾ।
ਕਿਰਤ ਧਰਮ ਦੀ ਕਰਕੇ ਹੁਣ ਮੈਂ ਆਪਣਾ ਕਰੂੰ ਗੁਜਾਰਾ।
ਪਿਛਲੇ ਪਾਪ ਬਖਸ਼ ਦਿਓ ਮੈਨੂੰ ਮੈਂ
ਪਾਪੀ ਹਾਂ ਭਾਰਾ।
ਆਪਣੀ ਭੁੱਲ ਬਖਸ਼ਾ ਕੇ ਇਉਂ ਭਾਗੋ ਨੇ
ਜਨਮ ਸੁਧਾਰਾ।
ਭਰਮ ਭੁਲੇਖੇ ਉਡੇ ਦੀਵਾਨੇ ਆਦ
ਬਿਆਸ ਮਟਾਈ।
ਧੰਨ ਗੁਰੂ ਨਾਨਕ।



–ਭਗਤ ਰਾਮ ਦੀਵਾਨਾ

# ਬਾਲ ਦਿਵਸ 'ਤੇ ਬਲਾਤਕਾਰ ਪੀੜਤ ਬਾਲੜੀ ਨੇ ਧਰਨਾ ਦੇ ਕੇ ਲਗਾਈ ਇਨਸਾਫ ਦੀ ਗੁਹਾਰ

**ਅੱਪਰਾ (ਨਿਰਮਲ ਗੁੜਾ)–** ਅੱਜ ਜਿਥੇ ਸੰਸਾਰ ਭਰ ਵਿੱਚ ਬਾਲ ਦਿਵਸ ਮਨਾਇਆ ਗਿਆ, ਉਥੇ ਹਲਕਾ ਫਿਲੌਰ ਅਧੀਨ ਪੈਂਦੇ ਪਿੰਡ ਗੰਨਾ ਪਿੰਡ ਤੋਂ ਬਲਾਤਕਾਰ ਦੀ ਪੀੜਤ 13 ਸਾਲ ਦੀ ਬੱਚੀ ਨੂੰ ਇਨਸਾਫ ਲੈਣ ਲਈ ਡੀ. ਐਸ. ਪੀ. ਦਫਤਰ ਫਿਲੌਰ ਧਰਨੇ ਤੇ ਬੈਠ ਕੇ ਇਨਸਾਫ ਲਈ ਗੁਹਾਰ ਲਗਾਉਣੀ ਪੈ ਰਹੀ ਹੈ। ਇਹ ਧਰਨਾ ਪਹਿਲਾਂ ਵੀ ਕਰੀਬ 20 ਦਿਨ ਅਤੇ ਰਾਤ ਦਾ ਲਗਾਤਾਰ ਲੱਗਿਆ ਰਿਹਾ ਜੋ ਕਿ 5 ਨਵੰਬਰ ਨੂੰ ਐਸ ਪੀ ਡੀ ਜਲੰਧਰ ਬਲਕਾਰ ਸਿੰਘ ਵਲੋਂ ਭਰੋਸਾ ਦੇਣ ਤੇ ਚੁੱਕਿਆ ਸੀ। ਧਰਨਾਕਾਰੀਆਂ ਨੂੰ ਪੁਲਿਸ ਪ੍ਰਸ਼ਾਸ਼ਨ ਵਲੋਂ ਇੱਕ ਹਫਤੇ ਵਿੱਚ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦਾ ਭਰੋਸਾ ਦਿਤਾ ਗਿਆ ਸੀ। ਕਾਂਤੀ ਮੋਹਨ ਸਰਪੰਚ ਮੁਠੱਡਾ ਕਲਾਂ ਦੀ ਅਗਵਾਈ ਹੇਠ ਇਲਾਕੇ ਭਰ ਦੀਆਂ ਵੱਖ ਵੱਖ ਜਤੇਬਦੀਆਂ ਵਲੋਂ ਦੁਬਾਰਾ ਲਗਾਏ ਗਏ



ਧਰਨੇ ਦੇ ਦੂਜੇ ਦਿਨ ਅੱਜ ਜਰਨੈਲ ਨੰਗਲ਼ ਸੀਨੀਅਰ ਆਗੂ ਲੋਕ ਇਨਸਾਫ ਪਾਰਟੀ ਅਤੇ ਇਲਾਕੇ ਭਰ ਤੋਂ ਲੋਕ ਪੀੜਤ ਬੱਚੀ ਲਈ ਇਨਸਾਫ ਵਾਸਤੇ ਧਰਨੇ ਵਿੱਚ ਸਮੱਰਥਨ ਦੇਣ ਲਈ ਪੁੱਜੇ। ਇਸ ਮੌਕੇ ਧਰਨਾਕਾਰੀਆਂ ਨੇ ਦੱਸਿਆ ਕਿ ਇਹ ਧਰਨਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਬੱਚੀ ਨੂੰ ਇਨਸਾਫ ਨਹੀਂ ਮਿਲ ਜਾਂਦਾ। ਇਸ ਮੌਕੇ ਧਰਨਾਕਾਰੀਆਂ ਨੇ ਪੰਜਾਬ ਸਰਕਾਰ ਅਤੇ ਪੁਲਿਸ ਵਿਰੁਧ ਜੰਮਕੇ ਨਾਹਰੇਵਾਜੀ ਕੀਤੀ। ਇਸ ਮੌਕੇ ਅੰਬੇਡਕਰ ਸੈਨਾ ਤਹਿਸੀਲ ਸਕੱਤਰ ਪਹਿਲਵਾਨ ਸੋਮਰਾਜ, ਗੁਰਦੀਪ ਦੀਪਾ, ਕਮਲ ਮਹਿਮੀ, ਸੁਰਜੀਤ ਰਾਮ, ਪਰਮਜੀਤ ਰਾਮ, ਗਿਆਨ ਚੰਦ, ਰਤਨ ਲਾਲ, ਬੂਟਾ ਮਹਿਮੀ, ਜਸਵੀਰ ਰਾਮ, ਲਖਵਿੰਦਰ ਕੁਮਾਰ, ਬੂਟਾ ਰਾਮ, ਲਵਲੀ, ਹਰਵਿੰਦਰ ਸਿੰਘ, ਸੰਦੀਪ ਕੁਮਾਰ, ਗਰੀਬ ਦਾਸ, ਸੁਖਵਿੰਦਰ ਰਾਮ ਅਤੇ ਵੱਡੇ ਪੱਧਰ ਤੇ ਧਰਨਾਕਾਰੀ ਮੌਜੂਦ ਸਨ।

# ਗੁਰਦੁਆਰਾ ਮਨਹਾਈਮ ਅਤੇ ਓਫਨਵਾਖ ਵਿਖੇ ਸ. ਜਸਪਾਲ ਸਿੰਘ ਹੇਰਾਂ ਤੇ ਜਗਰੂਪ ਸਿੰਘ ਜਰਖੜ ਦਾ ਸੰਗਤਾਂ ਨੇ ਕੀਤਾ ਵਿਸ਼ੇਸ਼ ਸਨਮਾਨ

**ਜਰਮਨੀ –** ਪਹਿਰੇਦਾਰ ਗਰੁੱਪ ਦੇ ਮੁੱਖ ਸੰਪਾਦਕ ਸ. ਜਸਪਾਲ ਸਿੰਘ ਹੇਰਾਂ ਤੇ ਖੇਡ ਲੇਖਕ ਜਗਰੂਪ ਸਿੰਘ ਜਰਖੜ, ਜੋ ਪਹਿਲੇ ਵਿਸ਼ਵ ਯੁੱਧ ਦੇ ਸ਼ਹੀਦ ਸਿੱਖ ਫੌਜੀਆਂ ਦੇ ਸਮਾਗਮ 'ਚ ਹਿੱਸਾ ਲੈਣ ਲਈ ਯੂਰਪ ਦੇ ਦੌਰੇ 'ਤੇ ਗਏ ਹਨ। ਉਨ੍ਹਾਂ ਦਾ ਬੈਲਜੀਅਮ ਤੋਂ ਜਰਮਨੀ ਵਿਖੇ ਪੁੱਜਣ 'ਤੇ ਗੁਰਦੁਆਰਾ ਸਿੰਘ ਸਭਾ ਮਨਹਾਈਮ ਅਤੇ ਗੁਰੂ ਨਾਨਕ ਦਰਬਾਰ ਓਫਨਵਾਖ ਆਦਿ ਸ਼ਹਿਰਾਂ 'ਚ ਸੰਗਤਾਂ ਦੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਇੱਕ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਭਾਈ ਜਸਪਾਲ ਸਿੰਘ ਹੇਰਾਂ ਨੇ ਆਖਿਆ ਕਿ ਰਾਜਨੀਤੀ ਦੇ ਵਿਗੜੇ ਸਿਸਟਮ ਕਾਰਨ ਪੰਜਾਬ ਸਾਰੇ ਖੇਤਰਾਂ 'ਚ





ਨਿੱਘਰਦਾ ਜਾ ਰਿਹਾ ਹੈ। ਉਹਨਾਂ ਆਖਿਆ ਕਿ ਪੰਜਾਬ ਦੀ ਜਵਾਨੀ ਨੂੰ ਇੱਕ ਉਸਾਰੂ ਸੇਧ ਦੀ ਲੋੜ ਹੈ। ਅੱਜ ਪੰਜਾਬ 'ਚ ਊੜੇ ਅਤੇ ਜੂੜੇ ਨੂੰ ਸੰਭਾਲਣਾ ਸਮੇਂ ਦੀ ਵੱਡੀ ਲੋੜ ਹੈ। ਕਿਉਂਕਿ ਪੰਜਾਬੀ ਮਾਂ ਬੋਲੀ ਨਾਲ ਜਿਥੇ ਵਿਤਕਰਾ ਹੋ ਰਿਹਾ ਹੈ, ਉਥੇ ਪੰਜਾਬ ਦੀ ਸਿੱਖ ਜਵਾਨੀ ਕੁਰਾਹੇ ਪੈ ਗਈ ਹੈ। ਉਹਨਾਂ ਨੇ ਪੰਜਾਬ ਦੇ ਵਿਕਾਸ ਲਈ ਅਤੇ ਵਿਦੇਸ਼ਾਂ 'ਚ ਸਿੱਖੀ ਨੂੰ ਸੰਭਾਲਣ ਲਈ ਪ੍ਰਵਾਸੀ ਭਾਈਚਾਰੇ ਦੀ ਤਰੀਫ ਕੀਤੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਨੇ ਭਾਈ ਜਸਪਾਲ ਸਿੰਘ ਹੇਰਾਂ ਅਤੇ ਜਗਰੂਪ ਸਿੰਘ ਜਰਖੜ ਦਾ ਸਿਰੋਪਾ ਦੇ ਕੇ ਸਨਮਾਨ ਕੀਤਾ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਮਨਹਾਈਮ ਦੇ ਪ੍ਰਧਾਨ ਭੁਪਿੰਦਰ ਸਿੰਘ ਚੀਮਾ ਨੇ ਹੇਰਾਂ ਸਾਬ੍ਹ ਨੂੰ ਜੀ ਆਇਆਂ ਆਖਿਆ। ਇਸ ਮੌਕੇ ਪ੍ਰਬੰਧਕਾਂ ਅਤੇ ਦੋਸਤਾਂ ਮਿੱਤਰਾਂ ਨੇ ਹੇਰਾਂ ਸਾਬ੍ਹ ਨੂੰ ਜਰਮਨੀ ਦੇ ਤਾਨਾਸ਼ਾਹੀ ਸ਼ਾਸਕ ਅਡੌਲਫ ਹਿਟਲਰ ਦਾ ਨਿਊਰਿਨਬਰਗ ਵਿਖੇ ਸਥਾਪਿਤ 'ਡਾਕੂਮੈਂਟਰੀ ਸੈਂਟਰ' ਅਤੇ 'ਟ੍ਰਾਇਲ ਕੋਰਟ ਆਫ ਵਰਲਡ ਵਾਰ' ਸੈਂਟਰ ਦਾ ਦੌਰਾ ਵੀ ਕਰਾਇਆ। ਜਿਥੇ ਉਹਨਾਂ ਨੇ ਵਿਸ਼ਵ ਯੁੱਧ ਦੇ ਇਤਿਹਾਸਕ ਘਟਨਾਕ੍ਰਮ ਦੇ ਤੱਥਾਂ ਨੂੰ ਵੇਖਿਆ। ਇਸ ਮੌਕੇ ਗੁਰਮੀਤ ਸਿੰਘ ਖਨਿਆਨ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਪਰਗਟ ਸਿੰਘ ਨਿੱਝਰ, ਸੁਖਦੇਵ ਸਿੰਘ ਹੇਰਾਂ, ਜਸਵਿੰਦਰ ਸਿੰਘ ਦਿਆਲਗੜ੍ਹ, ਚਮਨਦੀਪ ਸਿੰਘ, ਪੱਤਰਕਾਰ ਬਸੰਤ ਸਿੰਘ ਰਾਮੂਵਾਲੀਆ, ਗੁਰਬਖਸ਼ ਸਿੰਘ ਸੰਧੂ, ਕੁਲਵੰਤ ਸਿੰਘ ਗਿੱਲ, ਜਸਮੇਲ ਸਿੰਘ ਗਿੱਲ, ਗੁਰਦਿਆਲ ਸਿੰਘ ਲਾਲੀ, ਕੁਲਜੀਤ ਸਿੰਘ ਸ਼ਾਹੀ, ਰੇਸ਼ਮ ਸਿੰਘ ਸਹੋਤਾ, ਜਥੇਦਾਰ ਭਾਈ ਕਿਰਪਾਲ ਸਿੰਘ, ਪ੍ਰਭਜੋਤ ਸਿੰਘ ਆਦਿ ਹੋਰ ਪ੍ਰਬੰਧਕ ਅਤੇ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਜਮਹੂਰੀ ਅਧਿਕਾਰ ਸਭਾ ਦੀ ਇਕੱਤਰਤਾ 23 ਨਵੰਬਰ ਸ਼ੁਕਰਵਾਰ ਸਵੇਰੇ 10 ਵਜੇ ਪੈਨਸ਼ਨਰ ਭਵਨ ਬਠਿੰਡਾ ਵਿਖੇ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਜਿਲ੍ਹਾ ਇਕਾਈ ਬਠਿੰਡਾ ਦੀ ਅਹਿਮ ਇਕੱਤਰਤਾ 23 ਨਵੰਬਰ ਦਿਨ ਸ਼ੁਕਰਵਾਰ ਸਵੇਰੇ 10 ਵਜੇ ਪੈਨਸ਼ਨਰ ਭਵਨ ਵਿਖੇ ਰੱਖੀ ਗਈ ਹੈ।ਇਸ ਸਬੰਧੀ ਜਾਰੀ ਪੈਸ ਨੋਟ ਵਿੱਚ ਸਭਾ ਦੇ ਜਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਪ੍ਰੈਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਨੇ ਦਸਿਆ ਕਿ ਇਸ ਇੱਕਠ ਵਿੱਚ ਉਘੇ ਜਮਹੂਰੀ ਕਾਰਕੁੰਨਾ ਨੂੰ "ਸ਼ਹਿਰੀ ਨਕਸਲੀ" ਕਹਿ ਕੇ ਜੇਲਾਂ ਵਿੱਚ ਡੱਕਣ ਪਿਛੇ ਕੰਮ ਕਰਦੀ ਹਕੂਮਤੀ ਚਾਲ ਤੇ ਸਿਆਸਤ ਨੂੰ ਸਮਝ ਕੇ ਉਹਨਾਂ ਦੀ ਰਿਹਾਈ ਲਈ ਆਵਾਜ਼ ਉਠਾਉਣ ਤੇ ਇਸ ਬਾਰੇ ਲੋਕਾਂ ਵਿੱਚ ਸੋਝੀ ਦਾ ਪਸਾਰਾ ਕਰਨਾ ਲਈ ਵਿਉਂਤ ਤਿਆਰ ਕੀਤੀ ਜਾਵੇਗੀ। ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ, ਨੌਜਵਾਨਾਂ ਤੇ ਹੋਰ ਸ਼ੰਘਰਸਸ਼ੀਲ ਤਬਕਿਆਂ ਦੀ ਜ਼ੁਬਾਨਬੰਦੀ ਕਰਨ ਲਈ ਉਹਨਾਂ ਨੂੰ ਵੱਖ ਵੱਖ ਢੰਗਾਂ ਰਾਹੀਂ ਦਬਾਉਣ ਦੀ ਨੀਤੀ ਵਿਰੁੱਧ ਲੋਕਾਂ ਵਿੱਚ ਜਾਗਰੂਕਤਾ ਪੈਂਦਾ ਕਰਨ ਦੇ ਉਪਰਾਲੇ ਕੀਤੇ ਜਾਣਗੇ।ਇਸ ਤੋਂ ਇਲਾਵਾ ਵੱਖ ਵੱਖ ਸੂਬਿਆ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਅਤੇ 2019 ਦੀ ਲੋਕ ਸਭਾ ਦੀ ਚੋਣ ਦੇ ਮੱਦੇਨਜ਼ਰ ਲੋਕਾਂ ਦਾ ਧਿਆਨ ਦੇਸ਼ ਦੇ ਬੁਨਿਆਦੀ ਮਸਲਿਆਂ ਤੋਂ ਲਾਂਭੇ ਕਰਨ ਲਈ ਮੰਦਿਰ ਮਸਜਿਦ ਦਾ ਮੁੱਦਾ ਉਛਾਲਣਾ ਅਤੇ "ਕੌਮੀ ਏਕਤਾ ਦੇ ਪ੍ਰਤੀਕ" ਵਜੋਂ ਸਰਦਾਰ ਪਟੇਲ ਦੇ ਦਿਉਕੱਦ ਬੁੱਤ ਦੀ ਉਸਾਰੀ ਕਰਨ ਵਰਗੀਆਂ ਹਿੰਦੂਤਵੀ (ਫਿਰਕੂ) ਹਕੂਮਤ ਦੀਆਂ ਕੋਸ਼ਿਸ਼ਾਂ ਦੇ ਮੱਦੇਨਜ਼ਰ ਜਮਹੂਰੀ ਹੱਕਾਂ ਦੀ ਸਥਿਤੀ ਦੀ ਗੰਭੀਰਤਾ ਨੂੰ ਸਮਝ ਕੇ ਉਸ ਦਾ ਵਿਰੋਧ ਕਰਨ ਲਈ ਰਣਨੀਤੀ ਘੜੀ ਜਾਵੇਗੀ। ਸਭਾ ਦੇ ਆਗੂਆ ਨੇ ਅੱਗੈ ਕਿਹਾ ਕਿ ਐਨ ਐਸ ਏ, ਅਫਸਪਾ, ਯੂਏਪੀਏ, 295–ਏ ਏ ਅਤੇ ਨਿਜੀ ਤੇ ਸਰਕਾਰੀ ਜਾਇਦਾਦ ਦਾ ਨੁਕਸਾਨ ਰੋਕੂ ਕਨੂੰਨ ਆਦਿ ਕਾਲੇ ਕਨੂੰਨਾ ਦੀ ਵਰਤੋਂ ਕਰਕੇ ਸੰਘਰਸ਼ਸ਼ੀਲ ਲੋਕਾਂ ਦੀ ਜੁਬਾਨਬੰਦੀ ਕੀਤੀ ਜਾ ਰਹੀ ਹੈ। ਸਭਾ ਦੇ ਆਗੂਆਂ ਨੇ ਇਹ ਵੀ ਕਿਹਾ ਕਿ ਕੌਮ ਦੇ ਨਿਰਮਾਤਾ ਅਧਿਆਪਕ ਵਰਗ ਦੇ ਘੋਲ ਨੂੰ ਕੁਚਲਣ ਲਈ ਉਹਨਾਂ ਦੀਆਂ ਮੁਅਤਲੀਆ ਤੇ ਦੂਰ ਦਰਾਡੇ ਬਦਲੀਆ ਕਰਕੇ ਉਹਨਾਂ ਦੇ ਹੌਸਲੇ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਤਰ੍ਹਾਂ ਸਰਕਾਰੀ ਸਕੂਲਾਂ ਨੂੰ ਫੇਹਲ ਕਰਕੇ ਸਿਖਿਆ ਦੇ ਨਿਜੀਕਰਨ ਲਈ ਰਾਹ ਪੱਧਰਾ ਕੀਤਾ ਹਾ ਰਿਹਾ ਹੈ। ਸਿਹਤ ਤੇ ਸਿਖਿਆ ਸਰਕਾਰ ਦਾ ਸੰਵਿਧਾਨਕ ਫਰਜ਼ ਹੈ ਪਰ ਹਕੂਮਤ ਆਪਣੀ ਇਸ ਜੁੰਮੇਵਾਰੀ ਤੋਂ ਭੱਜ ਰਹੀ ਹੈ। ਆਗੂਆਂ ਨੇ ਕਿਹਾ ਕੇ ਕਿ ਦਸੰਬਰ ਮਹੀਨੇ ਮਨੁੱਖੀ ਅਧਿਕਾਰ ਦਿਵਸ ਵੱਡੀ ਪੱਧਰ ਤੇ ਮਨਾਉਣ ਦੀ ਤਿਆਰੀ ਵੀ ਇਸ ਮੀਟਿੰਗ ਵਿੱਚ ਵਿੱਢੀ ਜਾਵੇਗੀ। **– ਡਾ ਅਜੀਤਪਾਲ ਸਿੰਘ**

# ਬਸਪਾ ਦੇ ਸੂਬਾ ਪ੍ਰਧਾਨ ਨੇ ਵਰਲਡ ਵੀਲਚੇਅਰ ਚੈਪੀਅਨ ਸੰਜੀਵ ਕੁਮਾਰ ਲਈ ਮੰਗੀ ਸਰਕਾਰੀ ਨੌਕਰੀ

**ਲੁਧਿਆਣਾ–** ਅੰਤਰਰਾਸ਼ਟਰੀ ਪੈਰਾ ਬੈਡਮਿੰਟਨ ਵਰਲਡ ਚੈਪੀਅਨਸ਼ਿਪ ਦੇ ਗੋਲਡ ਮੈਡਲ ਜੇਤੂ ਵੀਲਚੇਅਰ ਖਿਡਾਰੀ ਸੰਜੀਵ ਕੁਮਾਰ ਨੇ ਅੱਜ ਬਸਪਾ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਦੱਸਿਆ ਕਿ ਉਹ ਅਜੇ ਤੱਕ ਬੇਰੁਜਗਾਰ ਹਨ। ਉਹਨਾਂ ਦੀ ਬੇਰੁਜਗਾਰੀ ਦਾ ਸਿੱਧਾ ਅਸਰ ਜਿਥੇ ਪਰਿਵਾਰ ਦੀ ਮਾੜੀ ਮਾਲੀ ਹਾਲਤ ਤੇ ਪੈ ਰਿਹਾ ਹੈ ਉਥੇ ਹੀ ਉਹਨਾਂ ਦੀ ਖੇਡ ਤੇ ਹੀ ਪੈ ਰਿਹਾ ਹੈ। ਉਹਨਾਂ ਸੂਬਾ ਪ੍ਰਧਾਨ ਤੋਂ ਮੰਗ ਕੀਤੀ ਕਿ ਉਸ ਦੀ ਬੇਰੁਜਗਾਰੀ ਦੀ ਅਵਾਜ ਨੂੰ ਸਰਕਾਰਾਂ ਤੱਕ ਪਹੁੰਚਾਇਆ ਜਾਵੇ। ਸ੍ਰੀ ਰਾਜੂ ਨੇ ਉਹਨਾਂ ਨੂੰ ਭਰੋਸਾ ਦਿੱਤਾ ਕਿ ਉਹਨਾਂ ਦੀ ਅਵਾਜ ਨੂੰ ਦੋਵਾਂ ਸਰਕਾਰਾਂ ਦੇ ਕੰਨਾਂ ਤੱਕ ਪਹੁੰਚਾਉਣ ਲਈ ਹਰ ਸੰਭਵ ਉਪਰਾਲਾ ਕਰਨਗੇ। ਇਸ ਮੌਕੇ ਗੱਲ ਕਰਦਿਆਂ ਸ੍ਰੀ ਰਾਜੂ ਨੇ ਕਿਹਾ ਕਿ ਇਸ ਹੋਣਹਾਰ ਵੀਲਚੇਅਰ ਖਿਡਾਰੀ ਨੇ ਅਪਾਹਜ ਹੋਣ ਦੇ ਬਾਵਯੂਦ ਆਪਣੀ ਖੇਡ ਰਾਹੀਂ ਦੇਸ਼ ਅਤੇ ਸੂਬੇ ਦਾ ਨਾਮ ਵਿਸ਼ਵ ਪੱਧਰ ਤੇ ਚਮਕਾਇਆ ਹੈ। ਉਸ ਦੀ ਬੇਰੁਜਗਾਰੀ ਦੋਵਾਂ ਸਰਕਾਰਾਂ ਦੀ ਰੁਜਗਾਰ ਨੀਤੀ ਦੀ ਪੋਲ ਖੋਲਦੀ ਹੈ। ਸੂਬੇ ਅਤੇ ਦੇਸ਼ ਲਈ ਮੈਡਲ ਲਿਆਉਣ ਇਸ ਖਿਡਾਰੀ ਨੂੰ ਨੌਕਰੀ ਦੇਣਾ ਦੋਵਾਂ ਹੀ ਸਰਕਾਰਾਂ ਦਾ ਮੁੱਢਲਾ ਫਰਜ ਹੈ ਜਿਸ ਤੋਂ ਏਹ ਭੱਜ ਰਹੀਆਂ ਹਨ। ਸ੍ਰੀ ਰਾਜੂ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਘਰ ਵਿੱਚ ਨੌਕਰੀ ਦੇਣ ਦਾ ਜੋ ਵਾਅਦੇ ਕਰ ਰਹੀ ਹੈ ਜੇਕਰ ਉਸ ਵਿੱਚ ਜਰਾ ਜਿੰਨੀ ਵੀ ਸੱਚਾਈ ਹੈ ਤਾਂ ਇਸ ਖਿਡਾਰੀ ਨੂੰ ਪਹਿਲ ਦੇ ਅਧਾਰ ਤੇ ਨੌਕਰੀ ਦਿੱਤੀ ਜਾਵੇ।



ਸ੍ਰੀ ਰਾਜੂ ਨੇ ਦੱਸਿਆ ਕਿ ਖਿਡਾਰੀ ਸੰਜੀਵ ਨੇ 19 ਗੋਲਡ ਮੈਡਲ, 5 ਸਿਲਵਰ ਮੈਡਲ, 3 ਬਰਾਊਂਜ ਮੈਡਲ ਅਤੇ ਅੰਤਰਰਾਸ਼ਟਰੀ ਪੱਧਰ ਤੇ 4 ਗੋਲਡ ਮੈਡਲ, 1 ਸਿਲਵਰ ਮੈਡਲ ਅਤੇ 5 ਬਰਾਊਂਜ ਮੈਡਲ ਜਿੱਤੇ ਹਨ। ਇਹਨਾਂ ਮੈਡਲਾਂ ਵਿੱਚ ਵਰਲਡ ਗੇਮਜ 2009 ਵਿੱਚ ਇੱਕ ਸਿਲਵਰ ਮੈਡਲ ਅਤੇ ਬੀ ਡਬਲਿਊ ਐਫ ਪੈਰਾਬੈਡਮਿੰਟਨ ਚੈਪੀਅਨਸ਼ਿਪ 2013 ਵਿੱਚ ਜਿੱਤਿਆ ਬਰਾਊਂਜ ਮੈਡਲ ਵਿੱਚ ਸ਼ਾਮਿਲ ਹੈ। ਸੰਜੀਵ ਕੁਮਾਰ ਨੇ ਦੱਸਿਆ ਕਿ ਉਸਨੇ ਹੁਣ ਬੈਡਮਿੰਟਨ ਵਰਲਡ ਫੈਡਰੇਸ਼ਨ ਵੱਲੋਂ ਪਹਿਲਾ ਡੈਨਮਾਰਕ ਅੰਤਰਰਾਸ਼ਟਰੀ ਪੈਰਾ ਬੈਡਮਿੰਟਨ ਟੂਰਨਾਮੈਂਟ 2018 ਵਿੱਚ ਡੈਨਮਾਰਕ ਵਿੱਚ ਵੀਲਚੇਅਰ ਕੈਟਾਗਰੀ ਵਿੱਚ 2 ਗੋਲਡ ਮੈਡਲ ਅਤੇ ਇੱਕ ਬਰਾਊਂਜ ਮੈਡਲ ਜਿੱਤੇ ਜੋ ਕਿ ਰਿਕਾਰਡ ਹਨ। ਉਸਨੇ ਦੱਸਿਆ ਕਿ ਉਹ ਲਗਾਤਾਰ ਦੋ ਸਾਲਾਂ ਤੋਂ ਸਪੋਰਟਸ ਵਿਭਾਗ, ਖੇਡ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਨੂੰ ਸਪੋਰਟਸ ਕੋਟੇ ਅਧੀਨ ਸਰਕਾਰੀ ਨੌਕਰੀ ਦੇਣ ਦੀ ਮੰਗ ਕਰਦਾ ਆ ਰਿਹਾ ਹਾਂ ਪਰ ਅਜੇ ਤੱਕ ਕਿਸੇ ਵੀ ਵਿਭਾਗ ਜਾਂ ਸਰਕਾਰ ਵੱਲੋਂ ਸਰਕਾਰੀ ਨੌਕਰੀ ਦੇਣ ਦਾ ਭਰੋਸਾ ਤੱਕ ਨਹੀ ਦਿੱਤਾ ਗਿਆ। ਉਸਨੇ ਦੱਸਿਆ ਕਿ ਉਹ ਵਾਲਮੀਕੀ ਜਾਤੀ ਨਾਲ ਸਬੰਧਿਤ ਹੈ ਇੱਕ ਲੜਕੀ ਦਾ ਪਿਤਾ ਹੈ। ਉਸਦੇ ਪਿਤਾ ਦੀ ਮੌਤ ਹੋ ਚੁੱਕੀ ਤੇ ਘਰ ਵਿੱਚ ਇੱਕਲਾ ਕਮਾਊ ਹੈ। ਘਰ ਦੀ ਮਾਲੀ ਹਾਲਤ ਬਹੁਤ ਹੀ ਖਰਾਬ ਹੈ ਜਿਸਦਾ ਅਸਰ ਉਸਦੀ ਖੇਡ ਤੇ ਪੈ ਰਿਹਾ ਹੈ।

ਉਸਨੇ ਕਿਹਾ ਕਿ ਉਹ ਦੇਸ਼ ਲਈ ਹੋਰ ਖੇਡਣਾ ਚਾਹੁੰਦਾ ਹੈ ਇਸ ਲਈ ਖੇਡ ਨੂੰ ਜਾਰੀ ਰੱਖਣ ਲਈ ਸਰਕਾਰੀ ਨੌਕਰੀ ਦਿੱਤੀ ਜਾਵੇ। ਉਸਨੇ ਇੱਛਾ ਪ੍ਰਗਟ ਕੀਤੀ ਕਿ ਚੰਡੀਗੜ ਵਿਖੇ ਆਪਣੇ ਕੋਚ ਕੋਲ ਤਿਆਰੀ ਕਰਕੇ 2020 ਟੋਕੀਓ ਜਾਪਾਨ 'ਚ ਹੋਣ ਜਾ ਰਹੇ ਪੈਰਾ ਉਲਪਿੰਕ ਮੈਡਲ ਜਿੱਤਣਾ ਚਾਹੁੰਦਾ ਹੈ।

# ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਵੱਲੋਂ ਦੂਜਾ ਸਥਾਪਨਾ ਦਿਵਸ ਮਨਾਇਆ

**ਜਲੰਧਰ–** ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ (ਰਜਿ.) ਵੱਲੋਂ ਅਜਮਾਨ ਵਿਖੇ ਦੂਜਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ ਆਬੂਧਾਬੀ, ਦੁਬਈ, ਕੋਲਾਪੁਰ, ਫਜੀਰਾ, ਅਜਮਾਨ ਤੇ ਰੈਸਲਖੇਮੇ ਤੋਂ ਭਰੀ ਤਾਦਾਦ 'ਚ ਸੰਗਤ ਨੇ ਸ਼ਮੂਲੀਅਤ ਕੀਤੀ। ਚਾਹ ਦੇ ਲੰਗਰ ਉਪਰੰਤ ਸਤਪਾਲ ਮਹੇ, ਰੇਸ਼ਮ ਸਿੰਘ ਤੇ ਸਤਪਾਲ ਖਾਨਪੁਰੀ ਦੇ ਕੀਰਤਨੀ ਜਥੇ ਨੇ ਸ਼ਬਦ ਗਾਇਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਸੰਸਥਾ ਦੇ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਪ੍ਰਧਾਨ ਬੀਰ ਚੰਦ



ਸੁਰੀਲਾ ਨੇ ਸੰਸਥਾ ਦੀਆਂ ਦੋ ਸਾਲ ਦੀਆਂ ਕਾਰਗੁਜ਼ਾਰੀਆਂ, ਜਿਹਨਾਂ 'ਚ ਲੋੜਵੰਦ ਕੰਨਿਆਵਾਂ ਦੀਆਂ ਕੀਤੀਆਂ ਗਈਆਂ ਦਸ ਸ਼ਾਦੀਆਂ, ਅੱਠ ਆਯੁਰਵੈਦਿਕ ਕੈਂਪ, ਦੋ ਖੂਨਦਾਨ ਕੈਂਪ ਤੇ ਆਈ. ਕੈਂਪ, ਸਕੂਲਾਂ 'ਚ ਗਰੀਬ ਬੱਚਿਆਂ ਨੂੰ ਵੱਡੀ ਗਈ ਵਿਦਿਅਕ ਸਮੱਗਰੀ ਬਾਰੇ ਚਾਨਣਾ ਪਾਇਆ। ਉਹਨਾਂ ਕਿਹਾ ਕਿ ਸੰਸਥਾ ਵੱਲੋਂ ਨਵੇਂ ਸਾਲ ਮਾਰਚ ਦੇ ਮਹੀਨੇ ਲੋੜਵੰਦ ਪਰਿਵਾਰਾਂ ਦੀਆਂ ਪੰਜ ਸ਼ਾਦੀਆਂ ਰੰਧਾਵਾ ਮਸੰਦਾਂ ਵਿਖੇ ਕੀਤੀਆਂ ਜਾਣਗੀਆਂ। ਸੰਸਥਾ ਵੱਲੋਂ ਜਿਹਨਾਂ ਮੈਂਬਰਾਂ ਨੇ ਇਹਨਾਂ ਸ਼ੁਭ ਕਾਰਜਾਂ ਵਿਚ ਅਹਿਮ ਯੋਗਦਾਨ ਪਾਇਆ ਸੀ, ਉਹਨਾਂ ਦਾ ਸਿਰੋਪਾਓ ਦੇ ਮੋਮੈਂਟੋ ਨਾਲ ਸਨਮਾਨ ਕੀਤਾ ਗਿਆ। ਉਹਨਾਂ ਦਾਨੀਆਂ ਵਿਚ ਸ. ਹਰਦਿਆਲ ਸਿੰਘ ਜਿਹਨਾਂ ਨੇ ਪਹਿਲੇ ਕਾਰਜਾਂ ਲਈ 70 ਹਜ਼ਾਰ ਰੁਪਏ ਦਾ ਯੋਗਦਾਨ ਦਿੱਤਾ ਸੀ ਤੇ ਹੁਣ ਦੁਬਾਰਾ ਇਕ ਲੜਕੀ ਦਾ ਵਿਆਹ ਕਰਨ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਵਿਸ਼ੇਸ਼ ਤੌਰ 'ਤੇ ਪ੍ਰਧਾਨ ਵੀਰ ਚੰਦ, ਸੁਰੇਸ਼ ਕਲੇਰ, ਬਲਵਿੰਦਰ ਚੰਦ ਬੰਗੜ, ਸੰਤੋਖ ਸਿੰਘ, ਬਹਾਦਰ ਸਿੰਘ, ਗੁਰਮੁਖ ਸਿੰਘ, ਰੇਸ਼ਮ ਸਿੰਘ, ਰੋਹਿਤ ਸੁਰੀਲਾ, ਸਤਪਾਲ ਖਾਨਪੁਰੀ ਆਦਿ ਹਾਜ਼ਰ ਸਨ।

# ਰੰਜਨਾ ਰੰਝਪਾਲ ਢਿਲੋਂ ਅਤੇ ਕਮਲ ਤੱਲ੍ਹਣ ਲੈ ਹਾਜ਼ਰ ਹੋਏ "ਸ਼ੇਰਾਂ ਦਾ ਪਟਾਕਾ"

**ਫਗਵਾੜਾ (ਬੀ.ਕੇ.ਰੱਤੂ)–** ਕਿੰਗ ਸਟਾਰ ਕਨੇਡਾ ਦੇ ਪ੍ਰੋਡਿਊਸਰ ਨਰਿੰਦਰ ਖੇੜਾ ਵੱਲੋਂ ਕੋਮ ਦੇ ਇਤਿਹਾਸਕ ਰੰਗਾਂ ਨੂੰ ਗੂੜਾ ਕਰਨ ਹਿੱਤ ਨਿੱਤ ਦਿਨ ਨਵੇਂ ਨਵੇਂ ਮਿਸ਼ਨਰੀ ਟਰੈਕ ਮਾਰਕੀਟ ਵਿੱਚ ਲਾਂਚ ਕੀਤੇ ਜਾ ਰਹੇ ਹਨ।ਜਿਸ ਲੜੀ ਤਹਿਤ ਮਿਸ਼ਨਰੀ ਗਾਇਕ ਜੋੜੀ ਰੰਜਨਾ ਰੰਝਪਾਲ ਢਿਲੋਂ ਤੇ ਕਮਲ ਤੱਲ੍ਹਣ ਦੀ ਅਵਾਜ਼ ਵਿੱ ਚ "ਸ਼ੇਰਾਂ ਦਾ ਪਟਾਕਾ" ਟਰੈਕ ਰਿਲੀਜ਼ ਕੀਤਾ ਗਿਆ ਹੈ। ਜੋ ਕਿ ਸੋਸ਼ਲ ਸਾਈਟਾਂ 'ਤੇ ਮਿਸ਼ਨ ਪ੍ਰੇਮੀਆਂ ਦੀ ਸਪੋਰਟ ਨਾਲ ਕਾਫੀ ਤਹਿਲਕਾ ਮਚਾ ਰਿਹਾ। ਇਸ ਟਰੈਕ ਦੇ ਲੇਖਕ ਨਰਿੰਦਰ ਖੇੜਾ ਹੀ ਹਨ, ਜਦਕਿ ਮਿਊਜਿਕ ਹਰੀ ਅੰਮ੍ਰਿਤ ਨੇ ਦਿੱਤਾ ਹੈ। ਵੀਡੀਓ ਬੀ ਐਮ ਕੇ ਵੱਲੋਂ ਆਰ ਜੋਗੀ ਦੀ ਡਾਇਰੈਕਸ਼ਨ ਵਿੱਚ



ਤਿਆਰ ਕੀਤਾ ਗਿਆ ਹੈ। ਨਰਿੰਦਰ ਖੇੜਾ ਲਗਾਤਾਰ ਮਿਸ਼ਨ 2019 ਨੂੰ ਭਰਵਾਂ ਹੁੰਗਾਰਾ ਦੇਣ ਲਈ ਮਿਸ਼ਨਰੀ ਗੀਤ ਧੜਾਧੜ ਮਾਰਕੀਟ ਵਿੱਚ ਲਾਂਚ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਕੜੀ ਵਿੱਚ ਪੰਜਾਬ ਭਰ ਦੇ ਲਗਭਗ ਸਾਰੇ ਕਲਾਕਾਰ ਕਿੰਗ ਸਟਾਰ ਕੰਪਨੀ ਨਰਿੰਦਰ ਖੇੜਾ ਨਾਲ ਕਾਰਜ਼ਸ਼ੀਲ ਹਨ।


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com,
www.ambedkartimes.com

# ਗੁਰੂ ਨਾਨਕ ਜੀ ਦੇ ਗੁਰਪੁਰਬ ਦੇ ਸ਼ੁੱਭ ਅਵਸਰ ’ਤੇ

## ਡਾ.ਸੁਖਪਾਲ ਸੰਘੇੜਾ ਦੀਆਂ ਤਿੰਨ ਕਵਿਤਾਵਾਂ

**ਲੇਖਕ ਬਾਰੇ:** ਯੋਰਪ ਤੇ ਅਮਰੀਕਾ ਦੇ ਖੋਜ ਰਸਾਲਿਆਂ ਵਿਚ ਛਪੇ ਇਕ ਸੌ ਪੰਜਾਹ ਵਿਗਿਆਨਕ ਖੋਜ ਪੱਤਰਾਂ ਦਾ ਲੇਖਕ ਤੇ ਸਹਿ ਲੇਖਕ, ਵਿਗਿਆਨੀ ਤੇ ਇੰਜੀਨੀਅਰ ਡਾ. ਸੁਖਪਾਲ ਸੰਘੇੜਾ ਫਿਜ਼ਿਕਸ, ਕੰਪਿਊਟਰ ਸਾਇੰਸ, ਤੇ ਬਾਇਓ ਮਲੇਕਿਊਲੇਰ ਇੰਜੀਨੀਅਰਿੰਗ ਦੇ ਵਿਸ਼ਿਆਂ ਦਾ ਮਾਹਰ ਹੈ। ਵਾਇਲੀ ਤੇ ਮਕਗਰਾਅ ਹਿੱਲ ਵਰਗੇ ਜਗਤ ਪ੍ਰਸਿਧ ਨਾਮਵਰ ਪ੍ਰਕਾਸ਼ਕਾਂ ਵਲੋਂ ਵਿਗਿਆਨ, ਟੈਕਨਾਲੋਜੀ, ਤੇ ਪਰੌਜੈਕਟ ਮੈਨਜਿਮੈਂਟ ਦੇ ਵਿਸ਼ਿਆਂ ਉੱਪਰ Dr. Paul Sanghera ਅੰਗਰੇਜ਼ੀ ਵਿੱਚ ਪ੍ਰਕਾਸ਼ਤ ਕੀਤੀਆਂ ਦੋ ਦਰਜਨ ਕਿਤਾਬਾਂ ਦਾ ਲੇਖਕ, ਡਾ. ਸੰਘੇੜਾ ਪੰਜਾਬੀ ਸਾਹਿਤ ਨੂੰ ਟੱਕਰ, ਗ਼ੋਦ ਲਏ ਗੀਤ, ਢੱਠਾ ਖੂਹ, ਕਿੱਸਿਆਂ ਦੇ ਕੈਦੀ, ਤੇ ਭੂਤ ਨਗਰੀ ਵਰਗੀਆਂ ਕਿਤਾਬਾਂ ਦੇ ਚੁੱਕਿਆ ਹੈ। ਉਹਦੀਆਂ ਰਚਨਾਵਾਂ ਲੋਅ ਤੋਂ ਲੈਕੇ ਆਰਸੀ ਤੱਕ ਭਿੰਨ ਭਿੰਨ ਪੰਜਾਬੀ ਸਾਹਿਤੱਕ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ।



### ਬੁੱਤਕੌਮ

ਜਾਉ ਅੱਜ ਦੀ ਹਵਾ ਨੂੰ ਆਖ ਦਿਉ
ਉਹ ਸਾਡੇ ਪਾਸਿਉਂ ਲੰਘੇ ਨਾ,
ਦੇ ਤਾਜ਼ੇ ਸਾਹਾਂ ਦਾ ਲਾਲਚ
ਸਾਨੂੰ ਸਫ਼ਰਾਂ ਦੇ ਸੰਗ ਮੰਗੇ ਨਾ।
ਇਹ ਜਿਸਮ ਹੀ ਸਾਡੇ ਅੱਜ ਵਿਚ ਨੇ
ਸਾਹ ਅਜੇ ਵੀ ਕੱਲ੍ਹ ਵਿਚ ਅੜੇ ਹੋਏ,
ਸਾਡੀ ਨਾਲ ਭਵਿਖ ਦੇ ਕੱਚੀ ਹੈ
ਅਸੀਂ ਭੂਤ ਦੇ ਮੌਰੀਂ ਚੜ੍ਹੇ ਹੋਏ।
ਜਿੱਥੇ ਘਰ ਤੇ ਕਬਰ ’ਚ ਫ਼ਰਕ ਨਹੀਂ
ਉੱਥੇ ਕੀਮਤ ਕੀ ਸਵਾਸਾਂ ਦੀ।

ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਜਿਨ੍ਹਾਂ ਸੋਚ ਆਪਣੀ ਧਰਤੀ ਤੋਂ
ਅਰਸ਼ਾਂ ਦੇ ਪਾਰ ਦੌੜਾਈ ਸੀ।
ਜਿਨ੍ਹਾਂ ਭੇਤ ਬ੍ਰਹਿਮੰਡ ਦੇ ਖੋਜਣ
ਲਈ ਕੀਤੀ ਅਕਲ ਅਜਮਾਈ ਸੀ।
ਉਨ੍ਹਾਂ ਗੁਰੂਆਂ ਪੀਰਾਂ ਦੀ ਹਸਤੀ
ਅਸੀਂ ਮੂਰਤ ਮੂਰਤ ਕਰ ਦਿੱਤੀ,
ਕੱਢ ਸੁੱਟੀਆਂ ਸੋਚਾਂ ਗੋਸ਼ਟੀਆਂ
ਵਿਚ ਸ਼ਰਧਾ ਸ਼ਰਧਾ ਭਰ ਦਿੱਤੀ।
ਜਾ ਸਕੋਗੇ ਸੋਚ ਉਨ੍ਹਾਂ ਦੀ ਤੱਕ
ਲੰਘ ਲਾਸ਼ ਸਾਡੇ ਜਜ਼ਬਾਤਾਂ ਦੀ।

ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਜੋ ਵਾਂਗ ਹਵਾਵਾਂ ਵਗੇ ਸੀ
ਉਹ ਅਸੀਂ ਮਹਾਂ ਪੁਰਸ਼ ਪੱਥਰ ਕਰਤੇ,
ਉਨ੍ਹਾਂ ਸਿਰ ਵਰਤਣ ਦੀ ਜਾਚ ਦੱਸੀ
ਅਸੀਂ ਬਹਿ ਗਏ ਪੈਰਾਂ ਨੂੰ ਫੜਕੇ।
ਅਸੀਂ ਸੁਣ ਕੇ ਰੂੜ੍ਹੀ ਕਰ ਦੇਈਏ
ਨਾ ਗੱਲ ਗਿਆਨ ਦੀ ਪੱਚ ਸਕੇ,
ਅਸੀਂ ਸੱਤ ਸਮੁੰਦਰ ਟੱਪ ਲਏ
ਨਾ ਇਕ ਵੀ ਰੂੜ੍ਹੀ ਟੱਪ ਸਕੇ।
ਸਾਡੇ ਗਿਰਦ ਹਿਮਾਲਾ ਤੋਂ ਉੱਚੀ
ਕੰਧ ਸਾਡੇ ਅੰਧ ਵਿਸ਼ਵਾਸ਼ਾਂ ਦੀ।

ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਅਸੀਂ ਲੜਨੋ ਮੁਨਕਰ ਹੋਏ ਜਦੋਂ
ਕੋਈ ਹਾਰ ਉਸ ਤੋਂ ਬੜੀ ਨਹੀਂ,
ਜੋ ਸੰਗ ਦਲੀਲ ਦੇ ਲੜਨੀ ਸੀ
ਅਸਾਂ ਉਹ ਲੜਾਈ ਲੜੀ ਨਹੀਂ।
ਬੱਸ ਤਾਹੀਉਂ ਇਕ ਭੜਾਸ ਜਿਹੀ
ਸਾਨੂੰ ਅੰਦਰੋ ਅੰਦਰ ਸਾੜ ਰਹੀ,
ਖਾ ਜਾਣ ਲਈ ਆਪਣਿਆਂ ਨੂੰ ਹੀ
ਹਰ ਸਖ਼ਸ਼ ਦੀ ਅੱਖ ਹੈ ਤਾੜ ਰਹੀ।
ਦਿਲ ਪੱਥਰ ਅੱਗ ਉਗਲੱਛਦੇ ਨੇ
ਜਦ ਚੜ੍ਹਦੇ ਸਾਣ ਭੜਾਸਾਂ ਦੀ।

ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਅਸੀਂ ਬੁੱਤਾਂ ਅੱਗੇ ਬੁੱਤ ਹੋਏ
ਯੁੱਗ ਸਾਡੇ ਵਿੱਚੀਂ ਲੰਘਦੇ ਗਏ,
ਕਈ ਭਗਤ ਸਰਾਭੇ ਤੇ ਗ਼ਦਰੀ
ਸਾਡੀ ਖ਼ਾਤਰ ਮੌਤ ਉਲੰਘਦੇ ਗਏ।
ਇਕ ਫਾਂਸੀ ਹਾਕਮ ਨੇ ਗੱਡੀ
ਇਕ ਫਾਂਸੀ ਅਸੀਂ ਚਲਾਉਂਦੇ ਗਏ।
ਉਨ੍ਹਾਂ ਫਾਂਸੀ ਚਾੜ੍ਹਿਆ ਜਿਸਮਾਂ ਨੂੰ
ਅਸੀਂ ਸੋਚ ਨੂੰ ਫਾਂਸੀ ਲਾਉਂਦੇ ਗਏ।
ਨਾ ਬਦਲੇ ਦੋ ਸੌ ਸਦੀਆਂ ਤੋਂ
ਕੀ ਕਰਨੇ ਉਂ ਗੱਲ ਧਰਵਾਸਾਂ ਦੀ।

ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਕਈ ਪੀਰ ਪੈਗੰਬਰ ਰਿਸ਼ੀ ਮੁਨੀ
ਸਾਡੇ ਹੱਠ ਦੇ ਸਾਹਮਣੇ ਆਏ ਗਏ।
ਸਾਨੂੰ ਮੱਤ ਦੇਣੇ ਦੇ ਜ਼ੁਰਮ ਹੇਠ
ਉਹ ਬੁੱਤਾਂ ਵਿਚ ਪਥਰਾਏ ਗਏ।
ਦੱਸ ਤੂੰ ਕਿਸ ਬਾਗ਼ ਦੀ ਮੂਲੀ ਏਂ
ਟਲ ਜਾ ਸ਼ਾਇਰਾ ਪਛਤਾਏਂਗਾ।
ਸਾਨੂੰ ਅਕਲਾਂ ਦਿੰਦਾ ਦਿੰਦਾ ਤੂੰ
ਖ਼ੁਦ ਅਕਲਹੀਣ ਹੋ ਜਾਏਂਗਾ।
ਨਾ ਸੋਚਾਂ-ਪਿੱਟਿਆ ਝੱਲ ਸਕਨੈਂ
ਤੂੰ ਮਾਰ ਕਿੱਸਿਆਂ ਤੇ ਬਾਤਾਂ ਦੀ।

ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

### ਹਾਰਧਾਰੀ ਲੋਕ

ਜਿਹਨੂੰ ਅਸੀਂ ਕੌਮ ਸਮਝਦੇ ਰਹੇ
ਉਹ ਆਪਸ ਵਿਚ ਖ਼ਹਿਬੜਦੇ
ਇਕ ਸੌ ਤੀਹ
ਕਰੋੜ ਹਾਰੇ ਹੋਏ ਲੋਕਾਂ ਦੀ ਭੀੜ
ਤੁਹਾਡੇ ਚਰਨਾਂ ਵਿਚ ਅਰਦਾਸ ਹੈ

ਸੱਚੇ ਪਾਤਸ਼ਾਹ ਜੀ

ਹਾਰ ਨੂੰ ਜਿੱਤ ਕਹਿਣ ਦੀ ਜ਼ਿਦ
ਨੇ ਬੜਾ ਕੁਝ ਉਲਟਾ ਦਿੱਤਾ,
ਹਾਰ ਨੂੰ ਕੌਮ ਦੇ ਗਲੇ ਦਾ ਹਾਰ ਬਣਾ ਦਿੱਤਾ,
ਜਿੱਤ ਦਾ ਇਹ ਸਦੀਆਂ ਲੰਬਾ ਜਸ਼ਨ
ਜੋ ਹਾਰ ਦੇ ਇਕ ਸੌ ਤੀਹ ਕਰੋੜ ਕਿੱਸਿਆਂ
ਦਾ ਖੌਰੂ ਪਾਉਂਦਾ ਇਤਿਹਾਸ ਹੈ
ਤੁਹਾਡੇ ਚਰਨਾਂ ਵਿਚ ਅਰਦਾਸ ਹੈ

ਸੱਚੇ ਪਾਤਸ਼ਾਹ ਜੀ

ਅਸੀਂ ਹਰ ਹਾਰ ਤੋਂ ਬਾਅਦ
ਸੂਰਮੇ ਜੇਤੂ ਬਣ ਬਣ ਬਹਿੰਦੇ ਰਹੇ,
ਅੱਕ ਤੋਂ ਕੌੜੇ ਭਾਣੇ
ਨੂੰ ਮਾਖਿਉਂ ਮਿੱਠਾ ਕਹਿੰਦੇ ਰਹੇ,
ਅਸੀਂ ਹਾਰ ਨੂੰ ਹਾਰ ਕਹਿ ਦੁਬਾਰਾ ਲੜਨ ਦੀ ਥਾਂ
ਹਾਰ ਨੂੰ ਜਿੱਤ ਕਹਿ ਅਪਣਾ ਲਿਆ,
ਤੇ ਉਸ ਜਿੱਤ ਦੀ ਹੋਣੀ ਉੱਪਰ
ਆਪਣਾ ਸਭ ਕੁਝ ਦਾਅ ’ਤੇ ਲਾ ਲਿਆ,
ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਣ ਲਈ
ਸਾਡੇ ਕੋਲ ਕੱਢ ਪਾ ਕੇ ਬਚੀ
ਸਦੀਆਂ ਤੋਂ ਸਾਡੇ ਸਿਰ ਚੜ੍ਹੀ
ਇਕ ਅਣਲੜੀ ਲੜਾਈ ਦੀ ਭੜਾਸ ਹੈ,
ਬਾਕੀ ਜੋ ਕੁਝ ਵੀ ਸਾਡੇ ਪਾਸ ਹੈ
ਤੁਹਾਡੇ ਚਰਨਾਂ ਵਿਚ ਅਰਦਾਸ ਹੈ

ਸੱਚੇ ਪਾਤਸ਼ਾਹ ਜੀ

ਕਾਸ਼! ਅਸੀਂ ਜਾਣੀ ਜਾਣ ਹੁੰਦੇ
ਕਿ ਹਾਰ ਨੂੰ ਜਿਤ ਕਹਿਣ ਦੀ ਜ਼ਿਦ
ਨੇ ਇਸ ਕਦਰ ਵੀ ਪੇਸ਼ ਆਣਾ ਸੀ,
ਕਿ ਆਉਂਦੀਆਂ ਜਾਂਦੀਆਂ ਸਦੀਆਂ ਸਾਹਵੇਂ ਬੈਠੇ
ਸਾਡੇ ਰਿਸ਼ੀਆਂ ਮੁਨੀਆਂ ਨੇ ਬੂਬਨੇ ਸਾਧ ਹੋ ਜਾਣਾ ਸੀਂ,
ਕਿ ਵੇਦਾਂ ਗਰੰਥਾਂ ਦੇ ਗਿਆਨ ਦੀ ਛਾਵੇਂ ਚਾਮਲ੍ਹਦਿਆਂ
ਸਾਨੂੰ ਅਗਿਆਨ ਦਾ ਐਸਾ ਹਲਕ ਚੜ੍ਹਨਾ ਸੀ,
ਕਿ ਅਸੀਂ ਪੋਰਸਾਂ ਦੁੱਲਿਆਂ ਦੀ ਔਲਾਦ ਨੇ
ਆਪਸ ਵਿਚ ਉਲਝ ਕੇ
ਕੁੱਤਿਆਂ ਦੀ ਮੌਤ ਮਰਨਾ ਸੀ,
ਸਾਡੇ ਕੋਲ ਮਾਣ ਕਰਨ ਲਈ ਬਚਿਆ
ਇਸ ਮੌਤ ਵਿਚ ਵਹਿੰਦਾ ਜੋ ਅਕਲ ਦਾ ਨਿਕਾਸ
ਹੈ ਤੁਹਾਡੇ ਚਰਨਾਂ ਵਿਚ ਅਰਦਾਸ ਹੈ

ਸੱਚੇ ਪਾਤਸ਼ਾਹ ਜੀ

ਅਸੀਂ ਸੱਭਿਆਤਾਵਾਂ ਤੋਂ ਪੁਰਾਣੇ
ਹਜ਼ਾਰਾਂ ਸਾਲਾਂ ਲੰਬੇ ਦੋਜ਼ਖ
ਵਿਚੀਂ ਸਾਬਤ ਸਬੂਤ ਲੰਘ ਆਏ,
ਮੰਜ਼ਲ ਦੀ ਸਾਡੇ ਸਫ਼ਰ ਵਿਚ ਕੋਈ ਗੁੰਜਾਇਸ਼ ਨਹੀਂ ਸੀ,
ਪਰ ਅਸੀਂ ਹੁਣ ਆਪਣੇ ਸਫ਼ਰ
ਦੀ ਹੱਦ ’ਤੇ ਹਾਂ,
ਅਸੀਂ ਓਂਜ ਜੋ ਵੀ ਹਾਂ
ਆਪਣੀਆਂ ਹਾਰਾਂ ਦੇ ਸਦਕੇ ਹਾਂ,
ਜਿੱਤੇ ਹੋਏ ਆਦਮੀ ਦੀ ਸਮਝ ਨਾ ਆਵੇ
ਹਾਰ ਕਿੰਝ ਹਾਰੇ ਹੋਏ ਆਦਮੀ ਦੀ ਰਸਮ ਹੋ ਜਾਵੇ,
ਅਸੀਂ ਹਾਰੇ ਹੋਏ ਲੋਕ
ਜਿਨ੍ਹਾਂ ਚੀਜ਼ਾਂ ਦੇ ਆਰ ਪਾਰ ਲੰਘ ਆਏ
ਉਨ੍ਹਾਂ ਚੀਜ਼ਾਂ ਦੇ ਕੋਲ ਦੀ ਲੰਘਦਿਆਂ
ਜਿੱਤਿਆ ਹੋਇਆ ਆਦਮੀ ਭਸਮ ਹੋ ਜਾਵੇ,
ਸਾਡਾ ਬੇ-ਮੰਜ਼ਲਾ ਇਹ ਜੋ ਸਾਹਸ ਹੈ
ਤੁਹਾਡੇ ਚਰਨਾਂ ਵਿਚ ਅਰਦਾਸ ਹੈ

ਸੱਚੇ ਪਾਤਸ਼ਾਹ ਜੀ


ਇਸ ਲਈ ਕਿ ਸਾਡੇ ਬੱਚਿਆਂ ਦੇ ਭਵਿੱਖ
ਨੂੰ ਸਾਡੇ ਭੂਤ ਦੇ ਪ੍ਰਛਾਵੇਂ ਨਾ ਨੋਚ ਸਕਣ,
ਇਸ ਲਈ ਕਿ ਆਉਣ ਵਾਲੀਆਂ ਪੀੜ੍ਹੀਆਂ
ਸਭ ਕੁਝ ਨਵੇਂ ਸਿਰਿਉਂ ਸੋਚ ਸਕਣ,
ਇਸ ਲਈ ਕਿ ਭਵਿੱਖ ਵੱਲ ਨੂੰ ਪੁੱਟਿਆ ਕਦਮ
ਵੀਹ ਹਜ਼ਾਰ ਸਾਲ ਦਾ ਭਾਰ ਨਾ ਢੋਵੇ,
ਇਸ ਲਈ ਕਿ ਵੀਹ ਹਜ਼ਾਰ ਸਾਲ ਪੁਰਾਣੀ ਸੱਭਿਅਤਾ
ਕੋਲ ਵੀਹ ਹਜ਼ਾਰ ਸਾਲ ਦੀ ਸਿਆਣਪ ਵੀ ਹੋਵੇ,
ਇਸ ਲਈ ਜਿਹਨੂੰ ਅਸੀਂ ਕੌਮ ਸਮਝਦੇ ਰਹੇ
ਉਹ ਆਪਸ ਵਿਚ ਖਹਿਬੜਦੇ
ਸੌ ਕਰੋੜ ਹਾਰੇ ਹੋਏ ਲੋਕਾਂ ਦੀ ਭੀੜ
ਤੁਹਾਡੇ ਚਰਨਾਂ ਵਿਚ ਅਰਦਾਸ ਹੈ

ਸੱਚੇ ਪਾਤਸ਼ਾਹ ਜੀ।

### ਗਜ਼ਲ

ਇਹ ਗੁਰੂਆਂ ਪੀਰਾਂ ਦੀ ਧਰਤੀ ਜਿੱਥੇ ਹਰ ਦਮ ਅੰਮ੍ਰਿਤ ਵਰਸੇ
ਨਫਰਤ ਦੇ ਇੱਥੇ ਸਬਕ ਪੜ੍ਹਾਉਂਦੇ ਖੁੱਲ੍ਹ ਗਏ ਨਵੇਂ ਮਦਰੱਸੇ।
ਏਤੀ ਮਾਰ ਪਈ ਕੁਰਲਾਣੇ ਦਰਦ ਕਿਸੇ ਨੂੰ ਨਾ ਆਵੇ,
ਆ ਮੁੜਕੇ ਕਿਤੋਂ ਸਤਿਗੁਰ ਨਾਨਕ ਫਿਰਨ ’ਦੀਵਾਨੇ’ ਤਰਸੇ।
ਕੌੜੇ ਰਾਕਸ਼ ਵਰਗਿਆਂ ਦੇ ਅੱਜ ਫੇਰ ਕੜਾਹੇ ਤਪੇ,
ਰੱਬ ਤੋਂ ਬੰਦੇ ਬਾਗੀ ਹੋ ਗਏ ਨਾਮ ਕੋਈ ਨਾ ਜਾਪੇ।
ਸੱਚੀ ਗੱਲ ਕਹੇ ਕੋਈ ਮੂੰਹੋਂ ਅੱਗੋਂ ਮੌਤ ਖੜੋਤੀ,
ਦੀਵਾਨਿਆਂ ਗਈ ਖੂਨ ਨਾਲ ਰੰਗੀ ਧਰਤੀ ਚੱਪੇ ਚੱਪੇ।
ਸੰਨ ਸੰਤਾਲੀ ਵਾਲਾ ਸਾਕਾ ਸਾਨੂੰ ਅਜੇ ਨਾਂ ਭੁੱਲਿਆ,
ਦੇਸ਼ ਦੇ ਟੁਕੜੇ-ਟੁਕੜੇ ਹੋ ਗਏ ਖੂਨ ਅਜਾਈਂ ਡੁੱਲਿਆ।
ਕੀਮਤੀ ਹੀਰੇ ਮਿਟੀ ਦੇ ਵਿਚ ਅੱਖੀਂ ਰੁਲਦੇ ਦੇਖੇ,
ਦੀਵਾਨਿਆਂ ਫਿਰ ਖੂਨ ਦੀ ਹੋਲੀ ਕਿਉਂ ਖੇਲਣ ਤੇ ਤੁਲਿਆ।
ਬੀੜਾਂ ਨੂੰ ਕਿਤੇ ਅੰਗਾਂ ਲੱਗਣ ਕਿਧਰੇ ਜਲਣ ਮਸੀਤਾਂ,
ਢੈਣ ਕਿਤੇ ਪਏ ਠਾਕੁਰ ਦੁਆਰੇ ਉਲਟੀਆਂ ਚਲੀਆਂ ਰੀਤਾਂ।
ਸਾਂਝਾਂ ਖੂਨ ਡੁੱਲ੍ਹੇ ਧਰਤੀ ਤੇ ਘਰ-ਘਰ ਪਏ ਸਿਆਪੇ,
ਈਰਖਾ ਵਾਦੀ ਬਣੇ ਦੀਵਾਨੇ ਦਿਲ ’ਚੋਂ ਗਈਆਂ ਪ੍ਰੀਤਾਂ।

**– ਭਗਤ ਰਾਮ ਦੀਵਾਨਾ**



### ਕਿੱਸਿਆਂ ਦੇ ਕੈਦੀ

ਅਸੀਂ ਜੇ ਸੱਥ ਵਿਚ ਹੀਰ ਗਾਉਂਦੇ ਹਾਂ,
ਘਰ ਵਿਚ ਧੀ ਦੇ ਨੱਕ ਨਕੇਲ ਪਾਉਂਦੇ ਹਾਂ,
ਕੋਈ ਜੁਰਮ ਨਹੀਂ ਕਰਦੇ,
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਅਸੀਂ ਨਾ ਨਾਨਕ ਨੂੰ ਨੈਣਾਂ ’ਤੇ ਬਿਠਾਇਆ ਸੀ,
ਨਾ ਬੁਲ੍ਹੇ ਦੇ ਪੈਰੀਂ ਹੱਥ ਲਾਇਆ ਸੀ,
ਅਸੀਂ ਅੱਜ ਜੋ ਉਨ੍ਹਾਂ ਦੇ ਕਿੱਸੇ ਗਾਉਂਦੇ ਹਾਂ,
ਉਦੋਂ ਉਨ੍ਹਾਂ ਨੂੰ ਵੀ ਕੋਈ ਕਿੱਸਾ ਹੀ ਸੁਣਾਇਆ ਸੀ।
ਅਸੀਂ ਜੋ ਭਲਕ ਨੂੰ ਭੈਂਗੀ ਅੱਖ ਨਾਲ ਦੇਖਦੇ ਹਾਂ,
ਅੱਜ ਦੀ ਅੱਖ ਮੀਚ ਮੀਚ ਕੇ
ਕੱਲ੍ਹ ਦੀ ਕਹਾਣੀ ਪਾਉਂਦੇ ਹਾਂ,
ਕੋਈ ਜੁਰਮ ਨਹੀਂ ਕਰਦੇ
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਹਰ ਪਾਂਧੀ ਦਾ ਆਪਣਾ ਪੀਰ ਹੈ
ਮੰਨਦੇ ਹਾਂ,
ਹਰ ਸਫ਼ਰ ਦੀ ਆਪਣੀ ਤਕਸੀਰ ਹੈ
ਮੰਨਦੇ ਹਾਂ,
ਪਰ ਅਸੀਂ ਜੋ ਮਿੱਟੀ ਦੇ ਜਾਏ
ਸਾਨੂੰ ਮਿੱਟੀ ਦਾ ਮੋਹ
ਜੜ੍ਹ ਦੀ ਜੂਨ ਝੱਲਦੇ ਹਾਂ,
ਅਤੀਤ ਦੀਆਂ ਅੱਖਾਂ ’ਚ ਅੱਖਾਂ ਗੱਡ ਕੇ ਅਸੀਂ
ਭਵਿੱਖ ਵੱਲ ਨੂੰ ਪਿਛਲ ਖੁਰੀ ਚੱਲਦੇ ਹਾਂ,
ਲੱਖ ਠੋਕ੍ਹਰਾਂ ਖਾਣ ਤੋਂ ਬਾਅਦ ਵੀ
ਨਾ ਸਾਡੀ ਪਿੱਠ ’ਤੇ ਤੀਸਰੀ ਅੱਖ ਉੱਗੀ ਹੈ
ਨਾ ਅਸੀਂ ਅਗਲ ਖੁਰੀ ਚੱਲਣ ਦੀ ਜਾਚ ਸਿੱਖੀ ਹੈ,
ਤੁਸੀਂ ਸਾਨੂੰ ਭੁੱਲੜ ਪਏ ਆਖੋ
ਅਸੀਂ ਨਾ ਇਸ ਭੁੱਲ ’ਤੇ ਸ਼ਰਮਿੰਦਾ ਹਾਂ
ਨਾ ਇਹ ਭੁੱਲ ਬਖ਼ਸ਼ਾਉਂਦੇ ਹਾਂ,
ਅਸੀਂ ਤਾਂ ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਨ੍ਹੇਰੇ ਤੋਂ ਡਰਦੇ ਹਾਂ
ਨ੍ਹੇਰੇ ਦੀ ਪੂਜਾ ਕਰਦੇ ਹਾਂ,
ਤੁਸੀਂ ਚਾਨਣ ਦੇ ਆਸ਼ਕ
ਨ੍ਹੇਰੇ ਵਿਚ ਸ਼ਮ੍ਹਾਂ ਕੁਝ ਇਸ ਕਦਰ ਜਲਾਂਦੇ ਹੋ,
ਕਿ ਬਣ ਕੇ ਪਤੰਗੇ ਸੜ ਜਾਂਦੇ ਹੋ,
ਸੜਦੇ ਪਤੰਗੇ ਤੱਕ ਕੇ
ਅਸੀਂ ਪੈਰਾਂ ਤੋਂ ਯਰਕ ਜਾਈਏ,
ਨ੍ਹੇਰੇ ਵਿਚ ਗਿੱਠ ਭਰ ਹੋਰ ਡੂੰਘੇ ਗ਼ਰਕ ਜਾਈਏ।

ਕਦੀ ਕਦੀ ਦਿਲ ਤਾਂ ਸਾਡਾ ਵੀ ਕਰੇ
ਜ਼ਿੰਦਗੀ ਦੀਆਂ ਅੱਖਾਂ ਵਿਚ ਸਿੱਧੀ ਅੱਖੇ ਤੱਕਣ ਨੂੰ,
ਠਰ੍ਹੂੰ ਠਰ੍ਹੂੰ ਕਰਦਿਆਂ ਧੁੱਪ ਸੇਕਣ ਨੂੰ
ਹਵਾਵਾਂ ਸੰਗ ਨੱਸ ਨੱਸ ਕੇ ਹਫਣ ਨੂੰ,
ਤੁਸੀਂ ਦੱਸਦੇ, ਅਸੀਂ ਹੱਸਦੇ
ਕਿ ਕੈਦ ਹੁੰਦੀ ਜਿੰਦਿਆਂ ਦਫ਼ਨਾਏ ਜਾਣਾ
ਮੌਤ ਭੋਗਣ ਲਈ,
ਕੁਝ ਸਿਆਣਿਆਂ ਦੇ ਕਹਿਣ ਕਰਕੇ,
ਕੁਝ ਸਦੀਆਂ ਭਰ ਸਹਿਣ ਕਰਕੇ,
ਅਸੀਂ ਇਸੇ ਮੌਤ ਭੋਗਣ ਨੂੰ
ਹਾਂ ਜਿਊਣਾ ਮੰਨ ਬੈਠੇ,
ਮੰਨਦੇ ਹਾਂ, ਮਨਾਉਂਦੇ ਹਾਂ,
ਮਨੌਤਾਂ ਵਿਚ ਉਮਰਾਂ ਬਿਤਾਉਂਦੇ ਹਾਂ,
ਕੀ ਜੁਰਮ ਕਰਦੇ ਹਾਂ,
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਇਸ ਕੈਦ ਦੀਆਂ ਬੁਲੰਦੀਆਂ
ਸਾਡੇ ਦਿਸਹੱਦਿਆਂ ਤੋਂ ਉੱਚੀਆਂ,
ਇਸ ਕੈਦ ਦੀਆਂ ਨੀਹਾਂ
ਪਤਾਲੀਂ ਜਾ ਸੁੱਤੀਆਂ,
ਤੁਸੀਂ ਆਜ਼ਾਦ ਹਵਾਵਾਂ ਉੜਾਨਾਂ ਵਾਲਿਉ,
ਖੁੱਲ੍ਹਿਆਂ ਮੈਦਾਨਾਂ ਅਸਮਾਨਾਂ ਵਾਲਿਉ,
ਤੁਹਾਡੇ ’ਚੋਂ ਕਦੀ ਕੋਈ
ਲਫ਼ਜ਼ਾਂ ਵਿਚ ਚਾਨਣੀ ਬੰਦ ਕਰ ਕੇ,
ਅੱਖਾਂ ਵਿਚ ਅਸਮਾਨ ਭਰਕੇ,
ਸਾਡੀ ਮੁਲਾਕਾਤ ’ਤੇ ਲਿਆਇਆ?
ਤਾਂ ਗੱਲ ਕਰੋ,
ਸਾਡਿਆਂ ਸਿਰਾਂ ਉੱਪਰ ਅਹਿੱਲਤਾ ਦਾ ਇਲਜ਼ਾਮ
ਧਰਨ ਵਾਲਿਉ,
ਜ਼ਮਾਨੇ ਭਰ ਦੀ ਜਿੱਲ੍ਹਣ ਵਿਚ ਸਦੀਆਂ ਡੂੰਘੇ ਖੁੱਭੇ
ਸਾਡੇ ਪੈਰਾਂ ਦਾ ਧਿਆਨ ਕਦੀ ਆਇਆ?
ਤਾਂ ਗੱਲ ਕਰੋ।

ਖੁੱਭੇ ਹੋਏ ਪੈਰਾਂ ਤੇ ਖੜ੍ਹਕੇ,
ਸਿਰ ਨੂੰ ਕਿਸੇ ਵੀ ਤਰ੍ਹਾਂ ਸਲਾਮਤ ਕਰਕੇ,
ਦੁਖਦੇ ਹੋਏ ਦਿਲ ’ਤੇ ਹੱਥ ਧਰਕੇ
ਹੀਰ ਦੀ ਹੇਕ ਲਾਉਂਦੇ ਹਾਂ,
ਧੀ ਦੇ ਨੱਕ ਨਕੇਲ ਪਾਉਂਦੇ ਹਾਂ,
ਭਲਕ ਨੂੰ ਭੈਂਗੀ ਅੱਖ ਨਾਲ ਦੇਖਦੇ ਹਾਂ,
ਅੱਜ ਦੀ ਅੱਖ ਮੀਚ ਕੇ
ਕੱਲ੍ਹ ਦੀ ਕਹਾਣੀ ਪਾਉਂਦੇ ਹਾਂ,
ਤਾਂ ਕੋਈ ਜੁਰਮ ਨਹੀਂ ਕਰਦੇ,
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

# 21 ਨਵੰਬਰ 2018 ਨੂੰ ਮੁਹੰਮਦ ਸਾਹਿਬ ਦੇ ਜਨਮ ਅਤੇ ਜੋਤੀ-ਜੋਤ ਸਮਾਉਣ 'ਤੇ ਵਿਸ਼ੇਸ਼


ਮੁਹੰਮਦ ਬਸ਼ੀਰ
91-94171-58300

ਕੁਦਰਤ ਦਾ ਇਹ ਇੱਕ ਅਟੱਲ ਸਿਧਾਂਤ ਹੈ ਕਿ ਧਰਤੀ ਦੇ ਕਿਸੇ ਵੀ ਖੇਤਰ ਤੇ ਜਦੋਂ ਵੀ ਮਜ਼ਲੂਮਾਂ ਤੇ ਜੁਲਮ, ਜਿਆਦਤੀਆਂ, ਅੰਧ ਵਿਸ਼ਵਾਸ਼, ਅੱਤਿਆਚਾਰ, ਆਦਿ ਵੱਧ ਜਾਂਦੇ ਹਨ ਤਾਂ ਰੱਬ ਵੱਲੋਂ ਉਸ ਖੇਤਰ ਤੇ ਕਿਸੇ ਪੈਗੰਬਰ, ਅਵਤਾਰ ਆਦਿ ਨੂੰ ਭੇਜਿਆ ਜਾਂਦਾ ਹੈ ਤਾਂ ਕਿ ਧਰਤੀ ਤੋਂ ਜੁਲਮਾਂ ਦਾ ਖਾਤਮਾ ਕਰਕੇ ਲੋਕਾਂ ਤੇ ਹੁੰਦੇ ਅੱਤਿਆਚਾਰਾਂ ਨੂੰ ਖਤਮ ਕੀਤਾ ਜਾ ਸਕੇ। ਸੰਨ 571 ਈ. ਤੋਂ ਪਹਿਲਾਂ ਅਰਬ ਦੀ ਧਰਤੀ ਤੇ ਰਹਿਣ ਵਾਲੇ ਲੋਕ ਮਨੁੱਖੀ ਰੂਪ ਵਿੱਚ ਜਾਨਵਰ ਹੀ ਸਨ। ਛੋਟੀਆਂ-ਛੋਟੀਆਂ ਗੱਲਾਂ ਤੇ ਕਬੀਲਿਆਂ ਵਿਚਕਾਰ ਸ਼ੁਰੂ ਹੋਈ ਲੜਾਈ ਪੀੜ੍ਹੀ ਦਰ ਪੀੜ੍ਹੀ ਸਦੀਆਂ ਤੱਕ ਚਲਦੀ ਰੱਖਣ ਦੀ ਪਰੰਪਰਾ ਪ੍ਰਚਲਿਤ ਸੀ। ਉਹਨਾਂ ਵਿੱਚ ਸਮਾਜਿਕ ਬੁਰਾਈਆਂ ਜਿਵੇਂ ਕਿ ਜਬਰ ਜ਼ਿਨਾਹ, ਸੂਦਖੋਰੀ, ਕੁੜੀਆਂ ਨੂੰ ਜਨਮ ਸਮੇਂ ਹੀ ਮਾਰ ਦੇਣਾ ਆਦਿ ਆਮ ਪਾਈਆਂ ਜਾਂਦੀਆਂ ਸਨ। ਮਨੁੱਖ ਮਨੁੱਖੀ ਖ਼ੂਨ ਤੱਕ ਪੀਣ ਨੂੰ ਬੁਰਾਈ ਨਹੀਂ ਸਮਝਦਾ ਸੀ। ਇਹਨਾਂ ਕਾਰਨਾਂ ਕਰਕੇ ਅਰਬ ਦੇ ਕਬੀਲਿਆਂ/ਲੋਕਾਂ ਤੇ ਕੋਈ ਵੀ ਸਾਸ਼ਕ ਰਾਜ ਕਰਨ ਨੂੰ ਵੀ ਤਿਆਰ ਨਹੀਂ ਸੀ। ਇਸ ਸਥਿਤੀ ਦੇ ਸਨਮੁੱਖ ਰੱਬ ਨੇ ਮੱਕਾ ਸ਼ਹਿਰ ਨੂੰ ਆਬਾਦ ਕਰਨ ਵਾਲੇ ਪੈਗੰਬਰ ਹਜ਼ਰਤ ਇਸਮਾਇਲ ਦੀ ਚੱਲੀ ਆ ਰਹੀ ਜੱਦ ਦੇ ਇੱਕ ਕਬੀਲੇ 'ਬਨੀ ਹਾਸ਼ਿਮ' ਵਿੱਚ 20 ਅਪ੍ਰੈਲ 571 ਈ. (ਅਰਬੀ ਕੈਲੰਡਰ ਦੇ ਤੀਜੇ ਮਹੀਨੇ ਰਬੀ-ਉਲ-ਅੱਵਲ ਦੀ 12 ਤਾਰੀਖ ਦਿਨ ਸੋਮਵਾਰ) ਨੂੰ ਸਵ. ਅਬਦੁੱਲਾ ਦੀ ਸੁਪਤਨੀ ਬੀਬੀ ਆਮਨਾ ਦੀ ਕੁੱਖੋਂ ਇੱਕ ਬੱਚੇ ਨੂੰ ਪੈਦਾ ਕੀਤਾ। ਜਿਸ ਦਾ ਨਾਮ ਉਨ੍ਹਾਂ ਦੇ ਚਾਚਾ ਅਬੂ ਤਾਲਿਬ ਨੇ 'ਮੁਹੰਮਦ' ਰੱਖਿਆ। ਇਸ ਬਾਲਕ ਨੂੰ ਹੀ ਵੱਡਾ ਹੋ ਕਿ ਇਸਲਾਮ ਧਰਮ ਦੇ ਆਖਰੀ ਪੈਗੰਬਰ ਹੋਣ ਦਾ ਮਾਨ ਪ੍ਰਾਪਤ ਹੋਇਆ। ਆਪ 2 ਸਾਲ ਦੇ ਸਨ ਜਦੋਂ ਮਾਂ ਦਾ ਸਾਇਆ ਸਿਰ ਤੋਂ ਉੱਠ ਗਿਆ। ਤਦ ਆਪ ਦੀ ਪਰਵਰਿਸ਼ ਦਾ ਜਿੰਮਾ ਆਪ ਦੇ ਦਾਦਾ ਅਬਦੁਲ ਮੁਤਲਿਬ ਨੇ ਸੰਭਾਲਿਆ ਪਰ ਕੁਦਰਤ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ। ਜਦੋਂ ਆਪ ਦੀ ਉਮਰ 6 ਸਾਲ ਦੀ ਹੋਈ ਤਾਂ ਆਪ ਦੇ ਦਾਦਾ ਜੀ ਵੀ ਰੱਬ ਨੂੰ ਪਿਆਰੇ ਹੋ ਗਏ। ਅੱਗੇ ਆਪ ਜੀ ਦੀ ਪਰਵਰਿਸ਼ ਚਾਚੇ ਅਬੂ ਤਾਲਿਬ ਨੇ ਕੀਤੀ। ਆਪ ਬਚਪਨ ਤੋਂ ਹੀ ਸੱਚ ਬੋਲਣ, ਬਜ਼ੁਰਗਾਂ/ਬੇਸਹਾਰਾ/ਅੰਗਹੀਣਾਂ ਆਦਿ ਦੀ ਸੇਵਾ ਕਰਨ, ਕਿਸੇ ਨੂੰ ਧੋਖਾ ਨਾ ਦੇਣ, ਅਮਾਨਤ ਵਿੱਚ ਖਿਆਨਤ ਨਾ ਕਰਨ ਆਦਿ ਗੁਣਾਂ ਦੇ ਧਾਰਨੀ ਸਨ। ਜਿਸ ਕਰਕੇ ਸਾਰੇ ਮੱਕਾ ਵਾਸੀ ਆਪ ਨੂੰ ਅਮੀਨ (ਅਮਾਨਤਦਾਰ) ਅਤੇ ਸਾਦਿਕ (ਸੱਚ ਬੋਲਣ ਵਾਲਾ) ਮੰਨਦੇ ਸਨ। 20 ਸਾਲ ਦੀ ਉਮਰ ਵਿੱਚ ਆਪ ਵਪਾਰ ਕਰਨ ਦੇ ਮਕਸਦ ਨਾਲ ਸ਼ਾਮ (ਸੀਰੀਆ), ਇਰਾਕ, ਯਮਨ ਆਦਿ ਦੇਸ਼ਾਂ ਵਿੱਚ ਗਏ। ਸੱਚਾਈ, ਇਮਾਨਦਾਰੀ, ਦਿਆਨਤਦਾਰੀ ਨਾਲ ਵਪਾਰ ਕਰਨ ਕਾਰਨ ਆਪ ਪੂਰੇ ਅਰਬ ਵਿੱਚ ਪ੍ਰਸਿਧ ਹੋ ਗਏ। 25 ਸਾਲ ਦੀ ਉਮਰ ਵਿੱਚ ਆਪ ਦਾ ਨਿਕਾਹ ਬੀਬੀ ਖਦੀਜਾ (ਜੋ ਕਿ ਇੱਕ ਵਿਧਵਾ ਔਰਤ ਸੀ) ਨਾਲ ਹੋਇਆ। ਉਸ ਸਮੇਂ ਬੀਬੀ ਖਦੀਜਾ ਦੀ ਉਮਰ 40 ਸਾਲ ਦੀ ਸੀ। ਹਜ਼ਰਤ ਮੁਹੰਮਦ (ਸਲ.) ਅਕਸਰ ਰੱਬ ਦੀ ਭਗਤੀ ਕਰਨ ਅਤੇ ਸਮਾਜ ਵਿੱਚ ਪ੍ਰਚਲਿਤ ਬੁਰਾਈਆਂ ਨੂੰ ਖਤਮ ਕਰਨ ਲਈ ਸੋਚ-ਵਿਚਾਰ ਕਰਨ ਲਈ ਮੱਕੇ ਤੋਂ 3 ਕਿ.ਮੀ. ਦੀ ਦੂਰੀ ਤੇ ਸਥਿਤ ਇੱਕ ਗੁਫਾ (ਜਿਸਦਾ ਨਾਮ ਹਿਰਾ ਹੈ) ਵਿੱਚ ਜਾ ਬੈਠਦੇ ਸਨ। ਇੱਥੇ ਹੀ 40 ਸਾਲ ਦੀ ਉਮਰ ਵਿੱਚ ਰੱਬ ਵੱਲੋਂ ਆਪਣੇ ਫਰਿਸ਼ਤੇ ਜ਼ਿਬਰਾਇਲ (ਅਲੈ.) ਰਾਹੀਂ ਆਪ ਉੱਪਰ ਪਹਿਲੀ ਬਹੀ (ਰੱਬੀ ਸੰਦੇਸ਼) ਨਾਜ਼ਿਲ (ਉਤਾਰੀ ਗਈ) ਕੀਤੀ ਗਈ ਤੇ ਆਪ ਨੂੰ ਪੈਗੰਬਰੇ ਇਸਲਾਮ ਹੋਣ ਦੀ ਖੁਸ਼ਖਬਰੀ ਦਿੱਤੀ ਗਈ। ਇਸ ਸੰਦੇਸ਼ ਦੇ ਪ੍ਰਾਪਤ ਹੋਣ ਤੋਂ ਬਾਅਦ ਆਪ ਜੀ ਨੇ ਨਿਰੰਤਰ 23 ਸਾਲ ਬਹੁਤ ਹੀ ਯੋਜਨਾਪੂਰਨ ਢੰਗ ਨਾਲ, ਅਰਬ ਦੇ ਲੋਕਾਂ ਦੁਆਰਾ ਦਿੱਤੀਆਂ ਪ੍ਰੇਸ਼ਾਨੀਆਂ ਨੂੰ ਸਹਾਰਦੇ ਹੋਏ ਇਸਲਾਮ ਧਰਮ ਨੂੰ ਮੁਕੰਮਲ ਤੌਰ ਤੇ ਲੋਕਾਂ ਤੱਕ ਪਹੁੰਚਾਇਆ ਤੇ ਲੋਕਾਂ ਨੂੰ ਇੱਕ ਰੱਬ ਦੀ ਬੰਦਗੀ ਕਰਨ ਵੱਲ ਪ੍ਰੇਰਿਤ ਕੀਤਾ। ਆਪ ਜੀ ਦੀ ਮਿਹਨਤ ਅਤੇ ਉੱਚੇ ਚਰਿੱਤਰ ਸਦਕਾ ਲੋਕ ਧੜ੍ਹਾ-ਧੜ੍ਹ ਇਸਲਾਮ ਵਿੱਚ ਸ਼ਾਮਿਲ ਹੋਏ ਜਿਸ ਕਰਕੇ ਇਸਲਾਮ ਧਰਮ ਅੱਜ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਧਰਮ ਹੈ। ਆਪ ਜੀ ਦੇ ਪ੍ਰਚਾਰ ਸਦਕਾ ਪਹਿਲੇ ਹੀ ਦਿਨ ਆਪ ਦੇ ਦੋਸਤ ਅਬੂ-ਵਕਰ ਸਿਦੀਕ, ਆਪ ਦੀ ਪਤਨੀ ਬੀਬੀ ਖਦੀਜਾ ਅਤੇ ਉਹਨਾਂ ਦੇ ਚਚੇਰੇ ਭਰਾ ਅਲੀ ਨੂੰ ਇਸਲਾਮ ਵਿੱਚ ਸ਼ਾਮਿਲ ਹੋਣ ਦਾ ਮਾਣ ਪ੍ਰਾਪਤ ਹੋਇਆ। ਇਸ ਤੋਂ ਬਾਅਦ ਤੌਹੀਦ ਪ੍ਰਸਤਾਂ (ਰੱਬ ਨੂੰ ਇੱਕ ਮੰਨਣ ਵਾਲੇ) ਦੀ ਗਿਣਤੀ ਵੱਧਦੀ ਗਈ। ਜਿਸ ਕਾਰਨ ਮੱਕੇ ਦੇ ਪਰੰਪਰਿਕ ਧਰਮਾਂ ਨੂੰ ਮੰਨਣ ਵਾਲੇ ਲੋਕ ਆਪ ਜੀ ਦੇ ਅਤੇ ਆਪ ਜੀ ਦੇ ਸਾਥੀਆਂ ਦੇ ਦੁਸ਼ਮਣ ਬਣ ਗਏ। ਆਪ ਜੀ ਨੂੰ ਲਗਭਗ 13 ਸਾਲ ਤੱਕ ਹਰ ਹਰਬਿਆਂ ਰਾਹੀਂ ਤੰਗ-ਪ੍ਰੇਸ਼ਾਨ ਕੀਤਾ ਗਿਆ। ਇਥੋਂ ਤੱਕ ਕਿ ਇੱਕ ਦਿਨ ਆਪ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਗਈ।ਜਿਸ ਕਾਰਨ ਰੱਬ ਦੁਆਰਾ ਬਹੀ ਦੇ ਰਾਹੀਂ ਪ੍ਰਾਪਤ ਹੋਏ ਹੁਕਮ ਅਨੁਸਾਰ ਆਪ ਆਪਣੇ ਸਾਥੀਆਂ ਸਮੇਤ ਮੱਕੇ ਤੋਂ ਹਿਜ਼ਰਤ ਕਰਕੇ ਮਦੀਨੇ ਚਲੇ ਗਏ।

ਇਸੀ ਸਾਲ ਤੋਂ ਹਿਜ਼ਰੀ ਸੰਨ ਦਾ ਆਰੰਭ ਹੋਇਆ। ਮਦੀਨੇ ਜਾ ਕੇ ਆਪ ਨੇ ਇਸਲਾਮ ਧਰਮ ਦਾ ਪ੍ਰਚਾਰ ਜੋਰ-ਸ਼ੋਰ ਨਾਲ ਆਰੰਭ ਕਰ ਦਿੱਤਾ। ਜਿਸ ਕਾਰਨ ਇਸਲਾਮ ਧਰਮ ਮਦੀਨੇ ਦੇ ਬਾਹਰਲੇ ਇਲਾਕਿਆਂ ਤੱਕ ਵੀ ਫੈਲਣਾ ਸ਼ੁਰੂ ਹੋ ਗਿਆ। ਜਿਸ ਤੋਂ ਖਫਾ ਹੋ ਕਿ ਮੱਕੇ ਦੇ ਲੋਕਾਂ ਨੇ ਇਸਲਾਮ ਦੇ ਵੱਧਦੇ ਪ੍ਰਭਾਵ ਨੂੰ ਰੋਕਣ ਲਈ ਮਦੀਨੇ ਤੇ ਹਮਲਾ ਕਰਨ ਦੀ ਯੋਜਨਾ ਬਣਾਈ। ਮੁਹੰਮਦ (ਸਲ.) ਨੇ ਵਿਰੋਧੀਆਂ ਨਾਲ ਸਮਝੌਤਾ ਕਰਨ ਅਤੇ ਮੇਲ-ਮਿਲਾਪ ਵਧਾਉਣ ਦਾ ਕਈ ਵਾਰ ਯਤਨ ਕੀਤਾ ਪਰ ਸਫਲ ਨਾ ਹੋਏ। ਅੰਤ ਵਿੱਚ ਆਤਮ ਰੱਖਿਆ ਲਈ ਆਪ ਜੀ ਨੂੰ ਕਈ ਵਾਰ ਯੁੱਧ ਦੇ ਮੈਦਾਨ ਵਿੱਚ ਉੱਤਰਨਾ ਪਿਆ। ਪੈਗੰਬਰੇ ਇਸਲਾਮ ਨੇ ਜੰਗ ਲਈ ਵੀ ਮਾਨਵਤਾ ਪੂਰਨ ਨਿਯਮ ਬਣਾਏ। ਅਸੱਭਿਅਤਾ ਦੇ ਯੁੱਗ ਵਿੱਚ ਵੀ ਮਨੁੱਖੀ ਕਦਰਾਂ-ਕੀਮਤਾਂ ਨੂੰ ਜੰਗ ਦੇ ਮੈਦਾਨ ਵਿੱਚ ਵੀ ਲਾਗੂ ਕਰ ਕੇ ਅਨੋਖੀ ਮਿਸਾਲ ਪੇਸ਼ ਕੀਤੀ। ਆਪ ਨੇ ਆਪਣੇ ਸਾਥੀਆਂ ਨੂੰ ਜੰਗ ਸਬੰਧੀ ਸਖਤ ਨਿਯਮ ਅਪਣਾਉਣ ਦੇ ਆਦੇਸ਼ ਦਿੱਤੇ। ਆਪ ਨੇ ਕਿਹਾ ਕਿ ਯੁੱਧ ਦੇ ਮੈਦਾਨ ਵਿੱਚ ਕਿਸੇ ਲਾਸ਼ ਦੇ ਅੰਗ ਨਾ ਕੱਟੇ ਜਾਣ, ਕਿਸੇ ਨੂੰ ਧੋਖੇ ਜਾਂ ਵਿਸ਼ਵਾਸ਼ਘਾਤ ਨਾਲ ਕਤਲ ਨਾ ਕੀਤਾ ਜਾਵੇ, ਬੱਚੇ/ ਬੁੱਢੇ/ ਔਰਤਾਂ ਆਦਿ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਪਹੁੰਚਾਇਆ ਜਾਵੇ, ਖਜ਼ੂਰਾਂ ਅਤੇ ਹੋਰ ਫਲਦਾਰ ਦਰਖਤਾਂ ਨੂੰ ਨਾ ਕੱਟਿਆ ਜਾਵੇ ਅਤੇ ਨਾ ਹੀ ਜਲਾਇਆ ਜਾਵੇ, ਸੰਸਾਰ ਤਿਆਗੀ ਪੀਰਾਂ, ਫਕੀਰਾਂ ਅਤੇ ਰੱਬ ਦੀ ਇਬਾਦਤ ਕਰਨ ਵਾਲੇ ਲੋਕਾਂ ਨੂੰ ਤੰਗ ਨਾ ਕੀਤਾ ਜਾਵੇ, ਕਿਸੇ ਵੀ ਧਰਮ ਦੇ ਪੂਜਾ ਸਥਾਨਾਂ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ ਆਦਿ। ਮੁਹੰਮਦ ਨੇ ਹਮੇਸ਼ਾ ਹੀ ਸ਼ਰਨ ਵਿੱਚ ਆਏ ਕੱਟੜ ਤੋਂ ਕੱਟੜ ਦੁਸ਼ਮਣ ਨਾਲ ਵੀ ਚੰਗਾ ਵਿਵਹਾਰ ਕੀਤਾ ਜੋ ਕਿ ਅੱਜ ਦੇ ਸੱਭਿਅਕ ਸਮਾਜ ਵੱਲੋਂ ਵੀ ਦੁਸ਼ਮਣ ਨਾਲ ਨਹੀਂ ਕੀਤਾ ਜਾਂਦਾ। ਇਥੋਂ ਤੱਕ ਆਪਣੀ ਜਨਮ ਭੂਮੀ ਮੱਕਾ ਨੂੰ ਬਿਨ੍ਹਾਂ ਖ਼ੂਨ ਦਾ ਇੱਕ ਵੀ ਕਤਰਾ ਬਹਾਏ ਫਤਿਹ ਕੀਤਾ ਤੇ ਆਪ ਜੀ ਅਤੇ ਆਪ ਜੀ ਦੇ ਸਾਥੀਆਂ ਉੱਪਰ ਜ਼ੁਲਮ ਕਰਨ ਵਾਲੇ ਮੱਕਾ ਵਾਸੀਆਂ ਨੂੰ ਪੂਰਨ ਤੌਰ ਤੇ ਮਾਫ ਕਰ ਦਿੱਤਾ। ਆਪ ਨੇ ਐਲਾਨ ਕੀਤਾ ਕਿ ਐ ਮੱਕਾ ਵਾਸੀਓ ਉ ਅੱਜ ਤੁਹਾਡੇ ਉੱਪਰ ਕੋਈ ਦੋਸ਼ ਨਹੀਂ ਤੇ ਤੁਸੀਂ ਸਾਰੇ ਆਜ਼ਾਦ ਹੋ"। ਆਪ ਜੀ ਦੇ ਇਸ ਤਰ੍ਹਾਂ ਦੇ ਚਰਿੱਤਰ ਨੂੰ ਦੇਖ ਕੇ ਇਸਲਾਮ ਦੇ ਦੁਸ਼ਮਣ ਲਗਭਗ ਸਾਰੇ ਮੱਕਾ ਵਾਸੀ ਇਸਲਾਮ ਦੇ ਪੈਰੋਕਾਰ ਬਣ ਗਏ। ਜਿਹੜਾ ਕੰਮ ਤਲਵਾਰ ਨਾਲ ਨਹੀਂ ਕੀਤਾ ਜਾ ਸਕਦਾ ਉਸ ਨੂੰ ਸੱਚੇ-ਸੁੱਚੇ ਚਰਿੱਤਰ ਨਾਲ ਨੇਪਰੇ ਚੜ੍ਹਾਇਆ।

ਅਸਲ ਅਰਥਾਂ ਵਿੱਚ ਮੁਹੰਮਦ ਨੂੰ ਅੰਤਰ-ਰਾਸ਼ਟਰੀ ਭਾਈਚਾਰਕ ਸਾਂਝ, ਮਨੁੱਖੀ ਸਮਾਨਤਾ, ਲੋਕਤੰਤਰੀ ਸਿਧਾਂਤਾ ਆਦਿ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਵਾਲਾ ਮੰਨਿਆ ਜਾ ਸਕਦਾ ਹੈ। ਇਹਨਾਂ ਸਿਧਾਂਤਾਂ ਨੂੰ ਪੱਛਮੀ ਦੇਸ਼ਾਂ ਨੇ ਬਹੁਤ ਬਾਅਦ ਵਿੱਚ ਅਪਣਾਇਆ ਹੈ। ਇਸਲਾਮ ਦੇ ਇਸੇ ਦ੍ਰਿਸ਼ਟੀਕੋਣ ਬਾਰੇ ਸੁਤੰਤਰ ਭਾਰਤ ਦੀ ਪਹਿਲੀ ਮਹਿਲਾ ਮਾਨਯੋਗ ਰਾਜਪਾਲ ਸਰੋਜਨੀ ਨਾਇਡੂ ਨੇ ਕਿਹਾ ਸੀ ਕਿ ਉ ਇਸਲਾਮ ਹੀ ਪਹਿਲਾ ਧਰਮ ਸੀ ਜਿਸਨੇ ਲੋਕਤੰਤਰ ਦੀ ਸਿੱਖਿਆ ਦਿੱਤੀ ਅਤੇ ਉਸਨੂੰ ਵਿਵਹਾਰਕ ਰੂਪ ਦਿੱਤਾ। ਉਹਨਾਂ ਕਿਹਾ ਕਿ ਇਸਲਾਮ ਧਰਮ ਨੂੰ ਮੰਨਣ ਵਾਲੇ ਦਿਨ ਵਿੱਚ 5 ਵਾਰ ਮਸਜਿਦ 'ਚ ਨਮਾਜ਼ ਪੜ੍ਹਨ ਸਮੇਂ ਬਿਨ੍ਹਾ ਕਿਸੇ ਭੇਦ-ਭਾਵ ਅਮੀਰ-ਗਰੀਬ, ਗੋਰੇ-ਕਾਲੇ ਆਦਿ ਨੂੰ ਭੁਲਾ ਕੇ ਮੋਢੇ ਨਾਲ ਮੋਢਾ ਜੋੜ ਕੇ ਇੱਕ ਲਾਇਨ ਵਿੱਚ ਖੜ੍ਹੇ ਹੁੰਦੇ ਹਨ। ਮੈ ਇਸਲਾਮ ਦੀ ਇਸ ਨਾ ਵੰਡੀ ਜਾਣ ਵਾਲੀ ਏਕਤਾ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਈ ਹਾਂ"। ਇਸੀ ਤਰ੍ਹਾਂ ਇਸਲਾਮ ਨੂੰ ਮੰਨਣ ਵਾਲੇ ਹਰ ਸਾਲ ਹੱਜ ਮੌਕੇ ਰੰਗ, ਨਸਲ, ਗੋਰੇ-ਕਾਲੇ ਆਦਿ ਦੇ ਭੇਦ-ਭਾਵ ਤੋਂ ਉੱਪਰ ਉੱਠ ਕੇ ਸਾਰੇ ਦੇਸ਼ਾਂ ਦੇ ਮੁਸਲਮਾਨ ਹੱਜ ਦੇ ਅਹਿਮ ਫਰਜ਼ ਨੂੰ ਪੂਰਾ ਕਰਦੇ ਹਨ ਜੋ ਕਿ ਅੰਤਰ-ਰਾਸ਼ਟਰੀ ਭਰਾਤਰੀ ਭਾਵ ਦਾ ਪ੍ਰਤੀਕ ਹੈ। ਇਸ ਕਰਕੇ ਹੀ ਪੋ. ਹਰਗਰੋਨਜ਼ ਨੇ ਕਿਹਾ ਸੀ ਕਿ ਉ ਪੈਗੰਬਰੇ ਇਸਲਾਮ ਦੁਆਰਾ ਸਥਾਪਤ ਰਾਸ਼ਟਰ ਸੰਘ ਨੇ ਅੰਤਰ-ਰਾਸ਼ਟਰੀ ਏਕਤਾ ਅਤੇ ਮਨੁੱਖੀ ਭਾਈਚਾਰੇ ਦੇ ਨਿਯਮਾਂ ਨੂੰ ਅਜਿਹੇ ਸਰਵਜਨਕ ਪੱਧਰ ਤੇ ਸਥਾਪਤ ਕੀਤਾ ਹੈ ਜੋ ਦੂਸਰੇ ਰਾਸ਼ਟਰਾਂ ਨੂੰ ਰਸਤਾ ਦਿਖਾਉਂਦੇ ਰਹਿਣਗੇ"। ਇਸ ਤਰ੍ਹਾਂ ਆਪ ਦੀ ਸਖਸ਼ੀਅਤ ਅਤੇ ਗੁਣਾਂ ਦੇ ਕਾਰਨ ਆਪ ਦਾ ਨਾਮ ਵਿਸ਼ਵ ਦੇ ਇਤਿਹਾਸ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੇ ਵਿਅਕਤੀਆਂ ਵਿੱਚ ਸ਼ਾਮਿਲ ਹੈ। ਅੱਜ ਵੀ ਉਹਨਾਂ ਵੱਲੋਂ ਬਿਤਾਇਆ ਸੱਚਾ-ਸੁੱਚਾ, ਸਾਦਗੀ ਭਰਪੂਰ, 10 ਲੱਖ ਮੀਲ ਤੋਂ ਵੀ ਵੱਧ ਖੇਤਰ ਦੇ ਰਾਜਨੀਤਿਕ ਅਤੇ ਧਾਰਮਿਕ ਆਗੂ ਹੋਣ ਦੇ ਬਾਵਜੂਦ ਹੱਥੀ ਕੀਰਤ ਕਰਕੇ ਖਾਣ ਵਾਲੇ, ਉੱਚ ਸੈਨਾ ਨਾਇਕ, ਸਮਾਜ ਸੁਧਾਰਕ, ਅਮਾਨਤਦਾਰੀ ਨਾਲ ਵਪਾਰ ਕਰਨ ਵਾਲੇ, ਅਸੱਭਿਅਕ ਲੋਕਾਂ ਨੂੰ ਸੱਭਿਅਕ ਬਣਾਉਣ ਵਾਲੇ, ਦੀਨ-ਦੁਖੀਆਂ ਦੀ ਸੇਵਾ ਕਰਨ ਵਾਲਾ ਆਦਰਸ਼ਕ ਜੀਵਨ ਲੋਕਾਂ ਲਈ ਰਾਹ ਦਰਸਾਉ ਹੈ। ਅੱਜ ਵਿਸ਼ਵ ਵਿੱਚ ਫੈਲੇ ਭ੍ਰਿਸ਼ਟਾਚਾਰ, ਨਸਲਕੁਸ਼ੀ, ਮਨੁੱਖੀ ਕਦਰਾਂ-ਕੀਮਤਾਂ ਵਿੱਚ ਗਿਰਾਵਟ, ਕਾਲੇ ਧਨ ਆਦਿ ਦੀ ਸਮੱਸਿਆ ਨੂੰ ਆਪ ਦੁਆਰਾ ਅਮਲੀ ਰੂਪ ਵਿੱਚ ਅਪਣਾਏ ਸਿਧਾਂਤਾ ਨਾਲ ਖਤਮ ਕੀਤਾ ਜਾ ਸਕਦਾ ਹੈ।

ਸੰਨ 10 ਹਿਜਰੀ ਨੂੰ ਆਪ ਨੇ ਆਪਣੇ 125000 ਸਹਾਬਾ (ਸਾਥੀਆਂ) ਨਾਲ ਆਪਣੀ ਜਿੰਦਗੀ ਦਾ ਆਖਰੀ ਹੱਜ ਕੀਤਾ। ਇਸ ਮੌਕੇ ਆਪ ਨੇ ਆਪਣੇ ਸਾਥੀਆਂ ਨੂੰ ਖੁਤਬੇ (ਭਾਸ਼ਣ) ਰਾਹੀਂ ਕੁਝ ਸੰਦੇਸ਼ ਦਿੱਤੇ ਜਿਨ੍ਹਾਂ ਵਿੱਚੋਂ ਕੁਝ ਇਸ ਪ੍ਰਕਾਰ ਸਨ;- "ਮੁਸਲਮਾਨੋਂ ਤੁਸੀਂ ਸਾਰੇ ਆਦਮ ਦੀ ਔਲਾਦ ਹੋ ਅਤੇ ਆਦਮ ਮਿੱਟੀ ਵਿੱਚੋਂ ਪੈਦਾ ਕੀਤਾ ਗਿਆ ਸੀ। ਤੁਹਾਡੇ ਲਈ ਇੱਕ ਦੂਜੇ ਦਾ ਖੂਨ ਵਹਾਉਣਾ, ਇੱਕ ਦੂਸਰੇ ਦਾ ਮਾਲ ਹੜੱਪਣਾ, ਇੱਕ ਦੂਸਰੇ ਦੀ ਇੱਜ਼ਤ ਨਾਲ ਖੇਡਣਾ ਹਰਾਮ ਹੈ"। ਇਸ ਹੱਜ ਤੋਂ ਬਾਅਦ ਆਪ ਮਦੀਨੇ ਵਾਪਸ ਚਲੇ ਗਏ ਅਤੇ ਕੁਝ ਸਮੇਂ ਬਾਅਦ ਬੁਖਾਰ ਕਾਰਨ ਰਬੀ-ਉਲ-ਅੱਵਲ ਦੀ 12 ਤਾਰੀਖ ਦਿਨ ਸੋਮਵਾਰ ਨੂੰ ਆਪ ਇਸ ਦੁਨੀਆਂ ਤੋਂ 63 ਸਾਲ ਦੀ ਉਮਰ ਵਿੱਚ ਕਿਨਾਰਾ ਕਰ ਗਏ।

ਇੱਥੇ ਇਹ ਗੱਲ ਵਿਸ਼ੇਸ਼ ਰੂਪ ਵਿਚ ਧਿਆਨ ਦੇਣ ਯੋਗ ਹੈ ਕਿ ਮੁਹੰਮਦ (ਸਲ.) ਦਾ ਜਨਮ ਅਤੇ ਵਫਾਤ ਭਾਵ ਮੌਤ ਦਾ ਦਿਨ ਮਹੀਨਾ ਇੱਕੋ ਹੀ ਹੈ।ਰਬੀ-ਉਲ-ਅੱਵਲ ਦੀ 12 ਤਾਰੀਖ ਦਿਨ ਸੋਮਵਾਰ ਨੂੰ ਹੀ ਜਨਮ ਤੇ ਇਸੀ ਦਿਨ ਅਤੇ ਮਹੀਨੇ ਵਿੱਚ ਵਫਾਤ ਭਾਵ ਮੌਤ ਦਾ ਦਿਨ ਹੈ।

## ਅਫ਼ਗਾਨਿਸਤਾਨ ਵਿਚ ਧਾਰਮਿਕ ਇਕੱਠ 'ਚ ਧਮਾਕਾ, 40 ਹਲਾਕ

**ਕਾਬੁਲ-** ਇਥੇ ਮੰਗਲਵਾਰ ਨੂੰ ਇਕ ਧਾਰਮਿਕ ਇਕੱਠ ਦੌਰਾਨ ਧਮਾਕਾ ਹੋਇਆ ਜਿਸ ਵਿੱਚ ਘੱਟੋ ਘੱਟ 40 ਵਿਅਕਤੀ ਮਾਰੇ ਗਏ। ਇਕ ਜਾਣਕਾਰੀ ਮੁਤਾਬਕ ਪਿਛਲੇ ਮਹੀਨਿਆਂ ਦੌਰਾਨ ਇਹ ਹੁਣ ਤਕ ਦਾ ਸਭ ਤੋਂ ਘਾਤਕ ਹਮਲਾ ਹੈ। ਸਿਹਤ ਮੰਤਰਾਲੇ ਦੇ ਤਰਜਮਾਨ ਵਾਹਿਦ ਮਜਰੂਹ ਨੇ ਦੱਸਿਆ ਕਿ ਇਸ ਹਮਲੇ ਵਿੱਚ 60 ਵਿਅਕਤੀ ਜ਼ਖ਼ਮੀ ਹੋਏ ਹਨ। ਪੈਗੰਬਰ ਮੁਹੰਮਦ ਦੇ ਜਨਮ ਦਿਵਸ 'ਤੇ ਇਕ ਵਿਆਹ ਵਾਲੇ ਹਾਲ ਵਿੱਚ ਓਲਾਮਾ ਕੌਂਸਲ ਦੇ ਇਕੱਠ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਗ੍ਰਹਿ ਮੰਤਰਾਲੇ ਦੇ ਤਰਜਮਾਨ ਨਜੀਬ ਦਾਨਿਸ਼ ਨੇ ਦੱਸਿਆ ਕਿ ਸੂਤਰਾਂ ਅਨੁਸਾਰ ਇਹ ਆਤਮਘਾਤੀ ਹਮਲਾ ਹੈ। ਉਨ੍ਹਾਂ ਦੱਸਿਆ ਕਿ ਮਾਰੇ ਗਏ ਅਤੇ ਜ਼ਖ਼ਮੀ ਵਿਅਕਤੀਆਂ ਦੀ ਗਿਣਤੀ 50 ਤੋਂ ਵੱਧ ਹੈ। ਵਿਆਹ ਪੈਲੇਸ ਦੇ ਮੈਨੇਜਰ ਨੇ ਦੱਸਿਆ ਕਿ ਇਸ ਥਾਂ 'ਤੇ ਕਈ ਤਰ੍ਹਾਂ ਦੇ ਧਾਰਮਿਕ ਅਤੇ ਰਾਜਨੀਤਕ ਸਮਾਗਮ ਹੁੰਦੇ ਹਨ। ਉਸ ਨੇ ਏਐਫ਼ਪੀ ਨੂੰ ਦੱਸਿਆ ਕਿ ਆਤਮਘਾਤੀ ਹਮਲਾਵਰ ਵੱਲੋਂ ਇਕੱਠ ਵਿੱਚ ਜਾ ਕੇ ਇਹ ਧਮਾਕਾ ਕੀਤਾ ਗਿਆ ਹੈ। ਉਸ ਨੇ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ।



## ਭ੍ਰਿਸ਼ਟਾਚਾਰ ਦੇ ਇਲਾਜ ਲਈ ਨੋਟਬੰਦੀ ਨੂੰ 'ਕੌੜੀ ਦਵਾਈ' ਵਜੋਂ ਵਰਤਿਆ: ਮੋਦੀ

**ਰੇਵਾ (ਮੱਧ ਪ੍ਰਦੇਸ਼)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕਾਲੇ ਧਨ ਨੂੰ ਬੈਂਕਿੰਗ ਢਾਂਚੇ ਵਿਚ ਵਾਪਸ ਲਿਆਉਣ ਲਈ ਉਨ੍ਹਾਂ ਨੋਟਬੰਦੀ ਜਿਹੀ 'ਕੌੜੀ ਦਵਾਈ' ਦਾ ਇਸਤੇਮਾਲ ਕੀਤਾ। ਉਨ੍ਹਾਂ ਕਿਹਾ ਕਿ 'ਮੁਲਕ ਦੀਆਂ ਜੜ੍ਹਾਂ ਵਿਚ ਬਹਿ ਚੁੱਕੇ ਭ੍ਰਿਸ਼ਟਾਚਾਰ' ਦੇ ਖ਼ਾਤਮੇ ਲਈ ਅਜਿਹਾ ਕਰਨਾ ਜ਼ਰੂਰੀ ਸੀ। ਪ੍ਰਧਾਨ ਮੰਤਰੀ ਮੱਧ ਪ੍ਰਦੇਸ਼ ਵਿਚ 28 ਨਵੰਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇੱਥੇ ਇਕ ਚੋਣ ਰੈਲੀ ਨੂੰ ਸੰਬੋਧਨ ਕਰਨ ਲਈ ਪੁੱਜੇ ਸਨ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿਵੇਂ 'ਸਿਉਂਕ ਨੂੰ ਕਾਬੂ ਕਰਨ ਲਈ' ਜ਼ਹਿਰੀਲੀ ਦਵਾਈ ਦਾ ਇਸਤੇਮਾਲ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਨੋਟਬੰਦੀ ਰਾਹੀਂ ਭ੍ਰਿਸ਼ਟਾਚਾਰ ਦਾ ਇਲਾਜ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਇਸ ਮੌਕੇ ਕਿਹਾ ਕਿ ਮੱਧ ਪ੍ਰਦੇਸ਼ ਦੇ ਕਿਸਾਨ ਕਾਂਗਰਸ ਵੱਲੋਂ ਦਿੱਤੇ ਕਰਜ਼ਾ ਮੁਆਫ਼ੀ ਦੇ ਝਾਂਸੇ ਵਿਚ ਨਾ ਆਉਣ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਕਰਨ-ਾਟਕ ਵਿਚ ਵੀ ਅਜਿਹੇ ਹੀ ਵਾਅਦੇ ਕੀਤੇ ਸਨ ਤੇ ਹੁਣ ਕਿਸਾਨਾਂ ਨੂੰ ਜੇਲ੍ਹ ਘੱਲਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸੰਨ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਯਤਨ ਕਰ ਰਹੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਜਪਾ ਸਰਕਾਰ ਨੇ 14 ਕਰੋੜ ਲੋਕਾਂ ਨੂੰ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਹੇਠ ਗਾਰੰਟੀ ਤਹਿਤ ਕਰਜ਼ਾ ਮੁਹੱਈਆ ਕਰਵਾਇਆ ਹੈ।

ਅੰਕੜਿਆਂ ਦਾ ਹਵਾਲਾ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕਾਂਗਰਸ ਨੇ ਮੱਧ ਪ੍ਰਦੇਸ਼ ਵਿਚ 55 ਵਰ੍ਹੇ ਰਾਜ ਕੀਤਾ ਤੇ ਸਿਰਫ਼ 1,500 ਸਕੂਲ ਬਣਵਾਏ, ਪਰ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ 15 ਵਰ੍ਹਿਆਂ ਵਿਚ 4,000 ਸਕੂਲ ਬਣਵਾਏ ਹਨ।

ਉਨ੍ਹਾਂ ਕਿਹਾ ਕਿ ਭਾਜਪਾ ਕਿਸਾਨਾਂ ਨੂੰ ਬਿਹਤਰ ਸਿੰਜਾਈ ਸਹੂਲਤਾਂ, ਬਜ਼ੁਰਗਾਂ ਨੂੰ ਕਿਫ਼ਾਇਤੀ ਦਵਾਈਆਂ ਤੇ ਸਾਰਿਆਂ ਨੂੰ ਪੱਕੇ ਮਕਾਨ ਦੇਣ ਲਈ ਵਚਨਬੱਧ ਹੈ। ਇਸ ਤੋਂ ਇਲਾਵਾ ਰੇਵਾ ਵਿਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਲੋਕ ਸਮਝਦਾਰੀ ਨਾਲ ਵੋਟ ਪਾਉਣ ਤੇ ਯਕੀਨੀ ਬਣਾਉਣ ਕਿ ਕਾਂਗਰਸ ਦਾ ਇਕ ਵੀ ਉਮੀਦਵਾਰ ਨਾ ਚੁਣਿਆ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਰਾਜ ਦੌਰਾਨ ਸੂਬੇ ਦੀ ਬਿਜਲੀ ਉਤਪਾਦਨ ਸਮਰੱਥਾ ਵਿਚ ਵੱਡਾ ਵਾਧਾ ਹੋਇਆ ਹੈ।

# ਚਮਾਰ ਰਜਿਮੈਂਟ ਦੇ ਜਾਬਾਂਜ ਸਿਪਾਹੀ ਧਰਮ ਸਿੰਘ ਦਾ ਦੇਹਾਂਤ

**ਸੋਨੀਪਤ-** ਚਮਾਰ ਰਜਿਮੈਂਟ ਦੇ ਜਾਂਬਾਜ ਸਿਪਾਹੀ ਧਰਮ ਸਿੰਘ ਦਾ ਬੀਤੇ ਸ਼ਨੀਵਾਰ ਤੜਕੇ 4 ਵਜੇ ਦੇਹਾਂਤ ਹੋਇਆ ਤਾਂ ਜਿਵੇਂ ਇਕ ਯੁੱਗ ਸਮਾਪਤ ਹੋ ਗਿਆ। 108 ਸਾਲਾ ਧਰਮ ਸਿੰਘ ਚਮਾਰ ਰਜਿਮੈਂਟ ਦੇ ਉਹਨਾਂ ਜਾਂਬਾਜ ਲੜਾਕਿਆਂ ਵਿਚ ਸ਼ਾਮਲ ਸੀ, ਜਿਹਨਾਂ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਦਾ ਸਮਰਥਨ ਕਰਦੇ ਹੋਏ ਅੰਗਰੇਜ਼ਾਂ ਦੇ ਖਿਲਾਫ ਬਗਾਵਤ ਕੀਤੀ ਸੀ। ਉਹਨਾਂ ਦਾ ਅੰਤਿਮ ਸਸਕਾਰ ਐਤਵਾਰ ਨੂੰ ਉਹਨਾਂ ਦੇ ਜੱਦੀ ਪਿੰਡ ਕੈਲਾਨਾ ਵਿਚ ਕੀਤਾ ਗਿਆ ਪਰ ਬਦਕਿਸਮਤੀ ਇਹ ਰਹੀ ਕਿ ਚਮਾਰ ਰਜਿਮੈਂਟ ਦੇ ਇਸ ਜਾਬਾਂਜ ਸਿਪਾਹੀ ਦੇ ਅੰਤਿਮ ਸਸਕਾਰ ਵਿਚ ਕਿਸੇ ਵੀ ਦਲਿਤ ਨੇਤਾ ਨੇ ਪਹੁੰਚਣ ਦੀ ਖੇਚਲ ਨਹੀਂ ਕੀਤੀ। ਗਾਜੀਆਬਾਦ ਤੋਂ ਭਾਜਪਾ ਦੇ ਪ੍ਰਮੁੱਖ ਨੇਤਾ ਸ਼ਾਂਤ ਪ੍ਰਕਾਸ਼ ਜਾਟਵ ਨੇ ਜ਼ਰੂਰ ਇਸ ਬਹਾਦਰ ਸਿਪਾਹੀ ਦੇ ਅੰਤਿਮ ਸਸਕਾਰ ਵਿਚ ਭਾਗ ਲਿਆ। ਇਸ ਮੌਕੇ ਤੇ ਜਾਟਵ ਨੇ ਫੁੱਲ ਚੜ੍ਹਾ ਕੇ ਇਸ ਯੋਧਾ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਭਾਜਪਾ ਦੇ ਲੀਡਰ ਸ਼ਾਂਤ ਪ੍ਰਕਾਸ਼ ਜਾਟਵ ਨੇ ਕਿਹਾ ਕਿ ਚਮਾਰ ਰਜਿਮੈਂਟ ਦੇ ਜਾਂਬਾਜ ਯੋਧਾ ਧਰਮ ਸਿੰਘ ਦਾ ਦੇਹਾਂਤ ਇਕ ਯੁੱਗ ਦਾ ਅੰਤ ਹੈ। ਉਹਨਾਂ ਕਿਹਾ ਕਿ ਧਰਮ ਸਿੰਘ ਦੇ ਦੇਹਾਂਤ ਤੋਂ ਬਾਅਦ ਚਮਾਰ ਰਜਿਮੈਂਟ ਦੀ ਕਹਾਣੀ ਅੱਧੀ ਅਧੂਰੀ ਹੈ ਅਤੇ ਉਹ ਇਸ ਰਜਿਮੈਂਟ ਦੀ ਬਹਾਲੀ ਦੇ ਲਈ ਲਗਾਤਾਰ ਯਤਨ ਕਰਦੇ ਰਹੇ ਹਨ।



# ਸ੍ਰੀ ਨਨਕਾਣਾ ਸਾਹਿਬ ਦੇ ਮੇਲੇ



ਮੇਲੇ ਸਾਡੇ ਪੰਜਾਬੀ ਜੀਵਨ ਦਾ ਇਕ ਅਨਿਖੜਵਾਂ ਅੰਗ ਹਨ। ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਅਜਿਹੇ ਮੇਲੇ ਬੜੀ ਗਿਣਤੀ ਵਿਚ ਲੱਗਿਆ ਕਰਦੇ ਸਨ, ਜਿਹਨਾਂ ਵਿਚ ਪਿੰਡਾਂ ਅਤੇ ਕਸਬਿਆਂ ਦੇ ਲੋਕ ਚੌਖੀ ਗਿਣਤੀ ਵਿਚ ਸ਼ਾਮਲ ਹੋਇਆ ਕਰਦੇ ਸਨ। ਬੱਚੇ, ਜਵਾਨ, ਬੁੱਢੇ ਅਤੇ ਕੁੜੀਆਂ ਚਿੜੀਆਂ ਤਾਂ ਵਿਸ਼ੇਸ਼ ਤੌਰ 'ਤੇ ਭਾਗ ਲੈਂਦੀਆਂ ਹੁੰਦੀਆਂ ਸਨ। ਅਜਿਹੇ ਮੇਲਿਆਂ ਵਿਚ ਹਰ ਧਰਮ ਅਤੇ ਜਾਤੀ ਦੇ ਲੋਕ ਸ਼ਾਮਲ ਹੁੰਦੇ ਸਨ ਅਤੇ ਆਪਣੇ ਖੁੱਲ੍ਹੇ-ਡੁੱਲ੍ਹੇ ਪੰਜਾਬੀ ਸੁਭਾਅ ਕਾਰਨ ਦਿਲਾਂ ਦੀ ਸਾਂਝ ਅਪਣੱਤ ਅਤੇ ਭਰਾਤਰੀ ਪਿਆਰ ਨੂੰ ਇਹ ਮੇਲੇ ਜਨਮ ਦਿਆ ਕਰਦੇ ਸਨ। ਕਈ ਮੇਲੇ ਕਿਸੇ ਮੁਸਲਮਾਨ ਪੀਰ ਦੀ ਮਜ਼ਾਰ ਤੇ ਜਾਂ ਕਿਸੇ ਸਿੱਧ ਜੋਗੀ ਆਦਿ ਦੀ ਸਮਾਧ 'ਤੇ ਲੱਗਦੇ ਹਨ। ਇਹਨਾਂ ਮੇਲਿਆਂ ਵਿਚ ਜਵਾਨਾਂ ਦੇ ਦੰਗਲ ਹੁੰਦੇ, ਕਬੱਡੀ ਦਾ ਮੈਚ ਹੁੰਦਾ, ਘੋੜ-ਸਵਾਰੀ, ਬੈਲ-ਗੱਡੀਆਂ ਦੀਆਂ ਦੌੜਾਂ ਆਦਿ ਹੁੰਦੀਆਂ। ਕਦੇ ਕਿਸੇ ਨੇ ਇਹ ਨਹੀਂ ਸੀ ਸੋਚਿਆ ਕਿ ਉਹ ਹਿੰਦੂ ਜਾਂ ਸਿੱਖ ਹੋ ਕੇ ਕਿਸੇ ਮੁਸਲਿਮ ਪੀਰ ਦੇ ਮਜ਼ਾਰ ਤੇ ਕਿਉਂ ਜਾਏ ਜਾਂ ਮੁਸਲਮਾਨ ਹੋ ਕੇ ਕਿਸੇ ਸੰਤ ਸਾਧ ਦੀ ਸਮਾਧੀ ਤੇ ਲੱਗੇ ਮੇਲੇ ਵਿਚ ਕਿਉਂ ਸ਼ਾਮਲ ਹੋਵੇ? ਕੁੜੀਆਂ ਨੂੰ ਤਾਂ ਜਿਵੇਂ ਚਾਅ ਚੜ੍ਹ ਜਾਂਦੈ, ਉਹ ਜਵਾਨੀ ਦੀਆਂ ਟਾਹਣੀਆਂ ਤੇ ਉਡਦੀਆਂ ਫਿਰਦੀਆਂ ਮਹਿਕਾਂ ਖਲੇਰਦੀਆਂ ਅਤੇ ਆਪਣੀਆਂ ਅੱਲ੍ਹੜ ਜਵਾਨੀਆਂ ਕਾਰਨ ਨੌਜਵਾਨ ਮੁੰਡਿਆਂ ਨੂੰ ਨਸ਼ਿਆ-ਨਸ਼ਿਆ ਜਾਂਦੀਆਂ, ਇਹਨਾਂ ਮੇਲਿਆਂ ਵਿਚ ਕਦੇ ਕਦੇ ਅੱਖੜ ਜਵਾਨਾਂ ਵਿਚਕਾਰ ਡਾਂਗ ਸੋਟਾ ਵੀ ਚੱਲ ਜਾਂਦਾ, ਕਿਸੇ ਨਾ ਕਿਸੇ ਕਾਰਨ। ਪੰਜਾਬ ਦੇ ਇਹ ਮੇਲੇ ਪੰਜਾਬੀਅਤ ਅਤੇ ਮਾਨਵਤਾ ਦਾ ਉਦੇਸ਼ ਦੇਣ ਬਾਰੇ ਸਕੂਲ ਹੀ ਹੁੰਦੇ, ਜਿਹਨਾਂ ਤੇ ਹਰ ਪੰਜਾਬੀ ਨੂੰ ਮਾਣ ਹੁੰਦਾ ਤੇ ਉਹ ਚਾਂਈ ਚਾਂਈ ਇਹਨਾਂ ਦੀ ਉਡੀਕ ਕਰਦੇ, ਨਵੇਂ ਕੱਪੜੇ ਸੁਆਉਣੇ ਤੇ ਮਾਵਿਆਂ ਲੱਗੀ ਪੱਗ ਤੁਰੇ ਵਾਲੀ ਬੰਨ੍ਹ ਕੇ ਮੇਲਿਆਂ ਵਿਚ ਜਾਂਦੇ ਅਤੇ ਆਪਣੀ ਜਵਾਨੀ ਤੇ ਮਰਦਾਨਗੀ ਦਾ ਪ੍ਰਗਟਾਵਾ ਕਰਦੇ, ਅਤੇ ਖੂਬ ਢਿੱਡ ਭਰ ਕੇ ਖਾਂਦੇ ਪੀਂਦੇ। ਇਹਨਾਂ ਮੇਲਿਆਂ ਬਾਰੇ ਪੰਜਾਬੀਅਤ ਦੇ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਨੇ ਆਪਣੀ ਇਕ ਕਵਿਤਾ 'ਮੇਲੇ ਵਿਚ ਜੱਟ' ਵਿਚ ਮੇਲੇ ਵਿਚ ਜਾ ਰਹੇ ਇਕ ਜੱਟ ਦਾ ਨਕਸ਼ਾ ਬੜਾ ਸੁੰਦਰ ਖਿੱਚਿਆ ਹੈ।

ਤੂੜੀ ਤੰਦ ਸਾਂਭ, ਹਾੜ੍ਹੀ ਵੇਚ ਵੱਟ ਕੇ।
ਲੰਬੜਾਂ ਤੇ ਸਾਹਾਂ ਦਾ ਹਿਸਾਬ ਕੱਟ ਕੇ।
ਮੀਹਾਂ ਦੀ ਉਡੀਕ ਤੇ ਸਿਆਲ ਕੱਢ ਕੇ।

ਕੱਛੇ ਮਾਰ ਵੰਝਲੀ ਅਨੰਦ ਛਾ ਗਿਆ।
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਪਰ ਜਿਨ੍ਹਾਂ ਦੇ ਮੇਲਿਆਂ ਦਾ ਵਰਣਨ ਮੈਂ ਕਰਨ ਲੱਗਾ ਹਾਂ, ਇਹ ਧਾਰਮਿਕ ਅਤੇ ਸਭਿਆਚਾਰਕ ਦੋ ਅਜਿਹੇ ਮੇਲੇ ਸਨ ਜੋ 1847 ਤੱਕ ਸ੍ਰੀ ਨਨਕਾਣਾ ਸਾਹਿਬ (ਜ਼ਿਲ੍ਹਾ ਸ਼ੇਖ਼ੂਪੁਰਾ) ਦੀ ਪਾਵਨ ਧਰਤੀ ਤੇ ਲੱਗਿਆ ਕਰਦੇ ਸਨ ਅਤੇ ਜਿਨ੍ਹਾਂ ਵਿਚ ਭਾਰਤ ਭਰ 'ਚੋਂ ਲੱਖਾਂ ਹੀ ਲੋਕ ਸ਼ਾਮਲ ਹੋਇਆ ਕਰਦੇ ਸਨ। ਗੁਰੂ ਨਾਨਕ ਆਗਮਨ ਦੇ ਸਬੰਧ ਵਿਚ ਇਹ ਮੇਲੇ ਕੱਤਕ ਦੀ ਪੂਰਨਮਾਸ਼ੀ ਨੂੰ ਲੱਗਿਆ ਕਰਦਾ ਸੀ ਅਤੇ 'ਵੱਡੇ ਮੇਲੇ' ਦੇ ਨਾਂ ਨਾਲ ਸਾਰੇ ਭਾਰਤ ਵਿਚ ਪ੍ਰਸਿੱਧ ਸੀ। ਇਸ ਮੇਲੇ ਵਿਚ ਸ਼ਾਮਲ ਹੋਣ ਲਈ ਦੇਸ਼ ਵਿਦੇਸ਼ ਤੋਂ ਲੋਕ ਦੋ-ਦੋ ਮਹੀਨੇ ਪਹਿਲਾਂ ਤੋਂ ਹੀ ਤਿਆਰੀਆਂ ਆਰੰਭ ਕਰ ਦਿਆ ਕਰਦੇ ਸਨ। ਦੀਵਾਲੀ ਤੋਂ ਬਾਅਦ ਗਲੀਆਂ, ਬਜ਼ਾਰਾਂ ਤੋਂ ਛੁੱਟ ਗੁਰਦੁਆਰਿਆਂ ਵਿਚ ਵੀ ਵਿਸ਼ੇਸ਼ ਰੌਣਕਾਂ ਤੇ ਕਥਾ ਕੀਰਤਨ ਦੇ ਪ੍ਰੋਗਰਾਮ ਵੇਖਣ-ਸੁਣਨ ਨੂੰ ਮਿਲਦੇ ਸਨ। ਰਾਗੀਆਂ, ਪ੍ਰਚਾਰਕਾਂ ਦੇ ਨਵੇਂ ਨਵੇਂ ਚਿਹਰੇ ਇਸ ਗੱਲ ਦੀ ਗਵਾਹੀ ਭਰ ਰਹੇ ਹੁੰਦੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਨੇੜੇ ਆ ਰਿਹਾ ਹੈ। ਸ੍ਰੀ ਨਨਕਾਣਾ ਸਾਹਿਬ ਦੇ ਵਸਨੀਕਾਂ 'ਚੋਂ ਵਿਰਲਾ ਹੀ ਕੋਈ ਅਜਿਹਾ ਘਰ ਹੋਵੇਗਾ, ਜਿਹਨਾਂ ਦੇ ਘਰਾਂ ਵਿਚ ਇਸ ਅਵਸਰ ਤੇ ਕੋਈ ਪ੍ਰਾਹੁਣਾ ਨਾ ਠਹਿਰਿਆ ਹੋਇਆ ਹੋਵੇ। ਜਿਨ੍ਹਾਂ ਯਾਤਰੂਆਂ ਦਾ ਕੋਈ ਸਾਕ ਸਬੰਧੀ ਨਾ ਹੋਵੇ, ਉਹ ਸਭ 'ਗੁਰੂ ਨਾਨਕ ਸਰਾਂ' ਵਿਚ ਠਹਿਰਦੇ ਹੁੰਦੇ ਸਨ। ਵਿਸ਼ਾਲ ਸਰਾਂ ਜਿਸ ਦੇ ਸੈਂਕੜੇ ਕਮਰੇ ਹਨ, ਗੁਰਦੁਆਰਾ ਜਨਮ-ਅਸਥਾਨ ਦੇ ਨਾਲ ਹੀ ਖੱਬੀ ਬਾਹੀ ਵੱਲ ਬਣੀ ਹੋਈ ਹੈ। ਸਰਾਂ ਵਿਚ ਟਿਊਬਵੈਲ ਦਾ ਇੰਤਜ਼ਾਮ ਸੀ।

ਇਸ ਅਵਸਰ ਤੇ ਰਲ ਪ੍ਰਸ਼ਾਸਨ ਗੱਡੀਆਂ ਚਲਾਉਂਦਾ ਸੀ ਅਤੇ ਸਾਤਰੀ ਗੱਡੀ ਤੋਂ ਉਤਰਦੇ ਹੀ ਸਿੱਧੀ ਸੜਕੇ ਤੁਰਦੇ ਹੋਏ ਤੇ 'ਧੰਨ ਗੁਰੂ ਨਾਨਕ' ਦਾ ਉਚਾਰਨ ਕਰਦੇ ਜਨਮ ਅਸਥਾਨ ਦੀ ਵਿਸ਼ਾਲ ਡਿਉਢੀ ਅੱਗੇ ਆ ਖਲੋਂਦੇ ਤੇ ਸਰਬ ਸਾਂਝੇ ਬਾਬਾ ਨਾਨਕ ਜਨਮ ਅਸਥਾਨ ਦੀ ਧੂੜੀ ਪਰਸ ਕੇ ਆਪਣਾ ਜਨਮ ਸਫਲ ਕਰਦੇ। ਗੁਰਪੁਰਬ ਤੋਂ ਕਈ ਕਈ ਹਫਤੇ ਪਹਿਲਾਂ ਹੀ ਵੱਡੀ ਪੱਕੀ ਸੜਕ ਦੇ ਦੋਹੀਂ ਪਾਸੀਂ ਚੀਜ਼ਾਂ ਵਸਤਾਂ, ਖਾਣ-ਪੀਣ ਦੇ ਹੋਟਲਾਂ ਦੇ ਹਜ਼ਾਰਾਂ ਸਟਾਲ ਲੱਗ ਜਾਂਦੇ, ਜੋ ਕਿ ਇਸ ਪਵਿੱਤਰ ਦਿਹਾੜੇ ਨੂੰ ਇਕ ਭਰਪੂਰ ਮੇਲੇ ਦੀ ਸ਼ਕਲ ਦਿੰਦੇ ਸਨ। ਸਿਵਲ ਹਸਪਤਾਲ ਅਤੇ ਖਾਲਸਾ ਪ੍ਰਾਇਮਰੀ ਸਕੂਲ ਦੇ ਦਰਮਿਆਨ ਵਿਸ਼ਾਲ ਰੜੇ ਮੈਦਾਨਾਂ ਵਿਚ ਟਾਕੀਆਂ (ਸਿਨੇਮੇ) ਅਤੇ ਸਰਕਸਾਂ ਵਾਲੇ ਦੋ ਦੋ ਤਿੰਨ ਤਿੰਨ ਮਹੀਨੇ ਪਹਿਲਾਂ ਹੀ ਆ ਡੇਰੇ ਲਾਉਂਦੇ। ਇਹਨਾਂ ਦੇ ਖੇਡ ਤਮਾਸ਼ੇ ਸ਼ਹਿਰ ਵਾਸੀਆਂ ਅਤੇ ਵਿਸ਼ੇਸ਼ ਕਰਕੇ ਪੇਂਡੂਆਂ ਲਈ ਵਿਸ਼ੇਸ਼ ਖਿੱਚ ਰੱਖਦੇ ਸਨ। ਸਾਰੇ ਸ਼ਹਿਰ ਵਿਚ ਰੌਣਕਾਂ, ਚਾਅ ਖੁਸ਼ੀਆਂ ਹੀ ਖੁਸ਼ੀਆਂ ਨਜ਼ਰ ਆਉਂਦੀਆਂ ਸਨ।

ਜਨਮ ਅਸਥਾਨ ਦੇ ਇਰਦ-ਗਿਰਦ ਵੀ ਖਾਲੀ ਮੈਦਾਨਾਂ ਵਿਚ ਸ਼ੋਲਦਾਰੀਆਂ ਤਾਣ ਕੇ ਦੀਵਾਨ ਸਜਾਏ ਜਾਂਦੇ, ਕਾਨਫਰੰਸਾਂ ਕੀਤੀਆਂ ਜਾਂਦੀਆਂ, ਕਥਾ ਕੀਰਤਨ ਦੇ ਪ੍ਰੋਗਰਾਮ ਹੁੰਦੇ, ਰਾਜਸੀ ਅਤੇ ਧਾਰਮਿਕ ਲੈਕਚਰ ਹੁੰਦੇ। ਦਰੀਆਂ ਦੀ ਥਾਂ ਪਰਾਲੀ ਵਿਛੀ ਹੋਈ ਹੁੰਦੀ। ਸਰੋਤੇ ਉਥੇ ਹੀ ਬੈਠਿਆਂ ਕਥਾ ਕੀਰਤਨ ਅਤੇ ਵਖਿਆਨ ਸੁਣਦਿਆਂ ਹੋਇਆਂ ਆਰਾਮ ਵੀ ਕਰ ਲੈਂਦੇ।

ਗੁਰਪੁਰਬ ਵਾਲੇ ਦਿਨ ਅੰਮ੍ਰਿਤ ਵੇਲੇ ਨੇੜੇ ਤੇੜੇ ਦੇ ਪਿੰਡਾਂ ਦੇ ਵਸਨੀਕ ਢੋਲਕੀਆਂ, ਛੈਣਿਆਂ ਨਾਲ ਸ਼ਬਦ ਕੀਰਤਨ ਕਰਦੇ ਹੋਏ ਸਮੂਹ ਗੁਰਦੁਆਰਿਆਂ ਦੇ ਦਰਸ਼ਨ ਕਰਦੇ ਅਤੇ ਆਪਣੀ ਪ੍ਰਭਾਤ-ਫੇਰੀ ਦਾ ਭੋਗ ਜਨਮ ਅਸਥਾਨ ਦੀ ਵਿਸ਼ਾਲ ਡਿਉਢੀ ਅੱਗੇ ਖਲੋ ਕੇ ਇਸ ਅਰਦਾਸ ਨਾਲ ਸਮਾਪਤੀ ਕਰਦੇ:-

ਕਰਮਾਂ ਦੇ ਡਾਢੇ ਦਰਬਾਰ
ਤੁਧ ਬਿਨ ਸੁਰਤ ਕਰੇ ਕੌਣ ਮੇਰੀ,
ਦਰਸ਼ਨ ਦੀਜੈ ਖੋਲ੍ਹ ਕਿਵਾੜ।

ਪ੍ਰਬੰਧਕ ਕਮੇਟੀ ਵੱਲੋਂ ਯਾਤਰੂਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਤੇ ਆਰਾਮ ਪਹੁੰਚਾਉਣ ਦੇ ਯਤਨ ਕੀਤੇ ਜਾਂਦੇ ਤਾਂ ਜੋ ਯਾਤਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਕੋਈ ਦਿੱਕਤ ਮਹਿਸੂਸ ਨਾ ਕਰਨ। ਹਰਿਮੰਦਰ ਸਾਹਿਬ ਦੀ ਪ੍ਰਕਰਮਾ ਇਤਨੀ ਵਿਸ਼ਾਲ ਹੈ ਕਿ ਇਕ ਅੰਦਾਜ਼ੇ ਮੁਤਾਬਕ ਕੋਈ ਇਕ ਲੱਖ ਸੰਗਤ ਇਕੋ ਵੇਲੇ ਬੈਠ ਕੇ ਕਥਾ ਕੀਰਤਨ ਦਾ ਆਨੰਦ ਮਾਣ ਸਕਦੀ ਹੈ। ਗੁਰਪੁਰਬ ਵਾਲੇ ਦਿਨ ਲੋਕ ਆਪੋ-ਆਪਣੇ ਬੱਚਿਆਂ ਸਮੇਤ ਲੋਈਆਂ, ਖੇਸ, ਕੰਬਲ, ਸੰਭਾਲੀ ਪ੍ਰਕਰਮਾ ਵਿਚ ਸ਼ਾਮ ਵੇਲੇ ਹੀ ਆ ਬੈਠਦੇ ਤੇ ਜਿਹਨਾਂ ਯਾਤਰੀਆਂ ਨੂੰ ਪਰਕਰਮਾ ਵਿਚ ਥਾਂ ਨਾ ਮਿਲਦੀ, ਉਹ ਦਰਸ਼ਨੀ ਡਿਊਢੀ ਦੇ ਬਾਹਰਵਾਰ ਅਤੇ ਪਵਿੱਤਰ ਸਰੋਵਰ ਦੇ ਕਿਨਾਰਿਆਂ ਤੇ ਚੌਂਕੜੀਆਂ ਮਾਰ ਕੇ ਬੈਠ ਜਾਂਦੇ ਤੇ ਕਥਾ ਕੀਰਤਨ ਦਾ ਆਨੰਦ ਮਾਣਦੇ। ਇਸ ਅਵਸਰ ਤੇ ਸਿੱਖਾਂ ਤੋਂ ਇਲਾਵਾ ਸਹਿਜਧਾਰੀ, ਹਿੰਦੂ ਤੇ ਮੁਸਲਮਾਨ ਵੀ ਭਾਰੀ ਗਿਣਤੀ ਵਿਚ ਸ਼ਾਮਲ ਹੁੰਦੇ ਅਤੇ ਆਪਣਾ ਜਨਮ ਸਫਲ ਕਰਦੇ- ਉਹਨਾਂ ਦਿਨਾਂ ਵਿਚ ਭਾਈ ਸਾਹਿਬ ਭਾਈ ਸਮੁੰਦ ਸਿੰਘ ਤੇ ਭਾਈ ਚਾਂਦ ਰਬਾਬੀ ਦਾ ਕੀਰਤਨ ਬੜਾ ਪ੍ਰਸਿੱਧ ਸੀ। ਠਰੀ ਤੇ ਟਿਕੀ ਹੋਈ ਜਗਮਗਾਉਂਦੀ ਰਾਤ ਦੇ ਸਮੇਂ ਜਦੋਂ ਭਾਈ ਚਾਂਦੀ, ਗੁਰੂ ਨਾਨਕ ਬਾਣੀ, ਭਾਈ ਗੁਰਦਾਸ ਦੀਆਂ ਵਾਰਾਂ 'ਚੋਂ ਪ੍ਰਮਾਣ ਦੇ ਕੇ ਗਾਇਨ ਕਰਦੇ ਤਾਂ ਸਰੋਤੇ ਬਲਿਹਾਰ ਹੋ ਉੱਠਦੇ। ਆਗਮਨ ਦੇ ਸਮੇਂ ਵਿਸ਼ਾਲ ਦਰਸ਼ਨੀ ਡਿਊਢੀ ਦੀ ਛੱਤ ਉਤੇ ਆਤਸ਼ਬਾਜੀ ਚਲਾਈ ਜਾਂਦੀ, ਜੋ ਕੋਹਾਂ ਕੋਹਾਂ ਤੀਕ ਚਾਨਣ ਬਿਖੇਰਦੀ ਜਾਂਦੀ। ਅਗਲੇ ਦਿਨ ਦੁਪਹਿਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਦਾ ਜਲੂਸ ਕੱਢਿਆ ਜਾਂਦਾ। ਇਸ ਜਲੂਸ ਵਿਚ ਸਮੂਹ ਜਥੇ, ਗਤਕਾ ਪਾਰਟੀਆਂ, ਨਾਮਧਾਰੀ, ਨਿਰਮਲੇ, ਉਦਾਸੀਆਂ ਅਤੇ ਨਿਹੰਗ ਸਿੰਘਾਂ ਦੇ ਜਥੇ ਸ੍ਰੀ ਗੁਰੂ ਨਾਨਕ ਖਾਲਸਾ ਹਾਈ ਸਕੂਲ ਦੇ ਬੱਚੇ ਤੇ ਸਕੂਲ ਦਾ ਪ੍ਰਸਿੱਧ ਬੈਂਡ ਵਿਸ਼ੇਸ਼ ਤੌਰ ਤੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਇਕ ਸਜੇ ਹੋਏ ਹਾਥੀ 'ਤੇ ਹੁੰਦੀ। ਇਹ ਜਲੂਸ ਗੁਰਦੁਆਰਾ ਸ੍ਰੀ ਜਨਮ ਅਸਥਾਨ (ਜੋ ਕਿ ਨਵੀਂ ਆਬਾਦੀ ਵਿਚ ਸਥਿਤ ਹੈ) ਤੋਂ ਆਰੰਭ ਹੁੰਦਾ ਤੇ ਸਿੱਧਾ ਸੜਕੋ-ਸੜਕੀ ਹੁੰਦਾ ਹੋਇਆ, ਗੁਰਦੁਆਰਾ ਤੰਬੂ ਸਾਹਿਬ, ਬੁੰਗਾ ਨਿਹੰਗ ਸਿੰਘ, ਗੁਰਦੁਆਰਾ ਛੇਵੀਂ ਪਾਤਸ਼ਾਹੀ, ਸਨਾਤਨ ਧਰਮ ਤੇ ਆਰੀਆ ਸਮਾਜ ਦੇ ਮੰਦਰਾਂ ਦੇ ਨੇੜਿਉਂ ਦੀ ਲੰਘਦਾ ਹੋਇਆ, ਕਣਕ ਮੰਡੀ, ਗੁਰਦੁਆਰਾ ਮਾਲ ਜੀ ਸਾਹਿਬ, ਰੇਲਵੇ ਸਟੇਸ਼ਨ ਤੋਂ ਹੋ ਕੇ ਗੁਰਦੁਆਰਾ ਕਿਆਰਾ ਸਾਹਿਬ ਜਾ ਕੇ ਸਮਾਪਤ ਹੁੰਦਾ। ਇੱਥੇ ਵਿਸ਼ਾਲ ਖੇਤਾਂ ਵਿਚ ਨਿਹੰਗ ਸਿੰਘ ਆਪਣੇ ਜੰਗੀ ਕਰਤੱਬ ਵਿਖਾਉਂਦੇ ਤੇ ਘੋੜ-ਦੌੜਾਂ, ਨੇਜ਼ਾ ਸੁੱਟਣ ਆਦਿਕ ਖੇਡਾਂ ਹੁੰਦੀਆਂ ਜੋ ਲੋਕ ਬੜੇ ਸ਼ੌਂਕ ਨਾਲ ਵੇਖਦੇ। ਰਾਤ ਨੂੰ ਗੁਰਦੁਆਰਾ ਜਨਮ ਅਸਥਾਨ ਤੇ ਹੀ ਇਕ ਵਿਸ਼ਾਲ ਪੰਜਾਬੀ, ਹਿੰਦੀ ਅਤੇ ਉਰਦੂ ਕਵੀ ਦਰਬਾਰ ਹੁੰਦਾ, ਜਿਸ ਵਿਚ ਤਿੰਨਾਂ ਜ਼ਬਾਨਾਂ ਦੇ ਪ੍ਰਸਿੱਧ ਕਵੀ ਆਪਣੀਆਂ ਸੁੰਦਰ ਕਵਿਤਾਵਾਂ ਰਾਹੀਂ ਗੁਰੂ ਨਾਨਕ ਸਾਹਿਬ ਨੂੰ ਕਾਵਿਕ ਸ਼ਰਧਾਂਜਲੀਆਂ ਅਰਪਿਤ ਕਰਦੇ। ਇਹ ਸਮਾਗਮ ਰਾਤ ਦੇ ਕੋਈ ਤਿੰਨ ਵਜੇ ਜਾ ਕੇ ਸਮਾਪਤ ਹੁੰਦਾ।

ਇਸ 'ਵੱਡੇ ਮੇਲੇ' ਦੇ ਅਵਸਰ ਤੇ ਨਿਹੰਗ ਸਿੰਘਾਂ ਦੇ ਸਮੂਹ ਦਲ ਵਿਸ਼ੇਸ਼ ਤੌਰ 'ਤੇ ਇਕੱਤਰ ਹੁੰਦੇ। ਉਹ ਆਪਣੀ ਛਾਉਣੀ, ਗੁਰਦੁਆਰਾ ਬੁੰਗਾ ਨਿਹੰਗ ਸਿੰਘਾਂ ਦੇ ਨਾਲ ਲੱਗਦੇ ਗੁਰਦੁਆਰਾ ਤੰਬੂ ਸਾਹਿਬ ਦੇ ਵਿਸ਼ਾਲ ਮੈਦਾਨਾਂ ਵਿਚ ਪਾਉ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਦੇ ਅਖੰਡ ਪਾਠ ਤੋਂ ਇਲਾਵਾ ਦਸਮ ਗ੍ਰੰਥ ਦਾ ਵੀ ਅਖੰਡ ਪਾਠ ਕਰਦੇ। ਚੰਡੀ ਦੀ ਵਾਰ ਪੜ੍ਹਦੇ ਤੇ ਯੋਧਿਆਂ, ਜੈਕਾਰਿਆਂ ਦੀ ਗੂੰਜ ਵਿਚ ਬੱਕਰੇ ਝਟਕਾਉਂਦੇ, ਖੁਸ਼ੀਆਂ ਮਨਾਉਂਦੇ ਅਤੇ ਆਪੋ ਆਪਣੇ ਘੋੜਿਆਂ ਦੇ ਸਮੂਹ ਸ਼ਸਤਰਾਂ ਨਾਲ ਸੱਜ ਧੱਜ ਕੇ ਜਲੂਸ ਦੀ ਅਗਵਾਈ ਕਰਦੇ ਅਤੇ ਪੁਰਾਤਨ ਸਿੱਖਾਂ ਦੀ ਰਹਿਣੀ ਬਹਿਣੀ ਦਾ ਪ੍ਰਦਰਸ਼ਨ ਕਰਦੇ।

ਮੇਲੇ ਦਾ ਇਕ ਹੋਰ ਵਰਣਨਯੋਗ ਅੰਗ ਹੈ, ਹਾਕੀ ਅਤੇ ਫੁਟਬਾਲ ਦੇ ਮੈਚ, ਜੋ ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਕਰਾਏ ਜਾਂਦੇ ਸਨ। ਇਹ ਮੈਚ ਸ੍ਰੀ ਗੁਰੂ ਨਾਨਕ ਖਾਲਸਾ ਹਾਈ ਸਕੂਲ ਦੇ ਵਿਸ਼ਾਲ ਘਾਹ-ਵਾਲੇ ਮੈਦਾਨਾਂ ਵਿਚ ਪੰਦਰਾਂ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਸਨ। ਪੰਜਾਬ ਭਰ ਦੇ ਕਾਲਜਾਂ ਦੀਆਂ ਟੀਮਾਂ ਇਹਨਾਂ ਮੈਚਾਂ ਵਿਚ ਭਾਗ ਲੈਂਦੀਆਂ। ਇਹਨਾਂ ਸਮੂਹ ਟੀਮਾਂ ਦੇ ਠਹਿਰਨ ਦਾ ਇੰਤਜ਼ਾਮ ਸਕੂਲ ਦੇ ਕਮਰਿਆਂ ਵਿਚ ਕੀਤਾ ਜਾਂਦਾ। ਸਕੂਨ ਵਿਚ ਪੰਦਰਾਂ ਪੰਦਰਾਂ ਦਿਨਾਂ ਦੀਆਂ ਛੁੱਟੀਆਂ ਹੋ ਜਾਂਦੀਆਂ ਅਤੇ ਸਕੂਲ ਦੇ ਬੱਚਿਆਂ ਨੂੰ ਸਕਾਉਟਾਂ, ਕੜਾਹ ਪ੍ਰਸ਼ਾਦ ਦੀਆਂ ਪਰਚੀਆਂ ਕੱਟਣ, ਲੰਗਰ ਵਰਤਾਉਣ ਤੇ ਜੋੜਿਆਂ ਆਦਿ ਦੀਆਂ ਡਿਊਟੀਆਂ ਦੇਣੀਆਂ ਪੈਂਦੀਆਂ, ਜੋ ਸਾਰੇ ਚਾਂਈ ਚਾਂਈ ਦਿੰਦੇ।

ਤੀਜੇ ਦਿਨ ਇਹ ਭਰਪੂਰ ਮੇਲਾ ਚੱਲਣਾ ਸ਼ੁਰੂ ਹੋ ਜਾਂਦਾ ਤੇ ਮੁਸਾਫ਼ਰਾਂ ਨਾਲ ਸਜੀਆਂ ਹੋਈਆਂ ਸਪੈਸ਼ਲ ਗੱਡੀਆਂ ਲਾਹੌਰ ਅਤੇ ਲਾਇਲਪੁਰ ਵੱਲ ਨੱਸਦੀਆਂ ਫਿਰਦੀਆਂ। ਜਿਉਂ ਜਿਉਂ ਗੱਡੀ ਪਲੇਟਫਾਰਮ ਛੱਡ ਰਹੀ ਹੁੰਦੀ, ਯਾਤਰੀਆਂ ਦੇ ਸੀਸ ਸ੍ਰੀ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਲਈ ਅਦਬ ਵਿਚ ਨਿਉਂ ਨਿਉਂ ਜਾਂਦੇ, ਅੱਖਾਂ ਸੇਜਲ ਅਤੇ ਜੀਭ ਤੇ 'ਧੰਨ ਗੁਰੂ ਨਾਨਕ' ਦਾ ਨਾਂ ਹੁੰਦਾ।

ਯਾਤਰੀਆਂ ਦੇ ਟੁਰ ਜਾਣ ਪਿੱਛੋਂ ਸ੍ਰੀ ਨਨਕਾਣਾ ਸਾਹਿਬ ਦੇ ਵਸਨੀਕਾਂ ਨੂੰ ਇਕ ਭਰਪੂਰ ਮੇਲਾ ਵੇਖਣ ਪਿੱਛੋਂ ਇਕ ਉਦਾਸੀ ਜਿਹੀ ਮਹਿਸੂਸ ਹੁੰਦੀ, ਇਕ ਵੀਰਾਨੀ ਜਿਹੀ ਨਜ਼ਰ ਆਉਂਦੀ ਤੇ ਦਿਲ ਵਿਚ ਇਕ ਖੋਹ ਜਿਹੀ, ਕਸਕ ਜਿਹੀ ਮਹਿਸੂਸ ਕਰਦੇ ਤੇ ਫਿਰ ਅਗਲੇ ਸਾਲ ਮੇਲੇ ਦੀ ਉਡੀਕ ਕਰਨ ਲੱਗ ਪੈਂਦੇ। ਤੇ ਫਿਰ ਸਾਲ ਲੰਘਦਿਆਂ ਕਿਹੜੀ ਕੋਈ ਦੇਰ ਲੱਗਦੀ ਹੈ? ਪਰ 1947 ਦੀ ਦੇਸ਼ ਵੰਡ ਪਿੱਛੋਂ ਇਹ ਮੇਲਾ ਫਿਰ ਨਹੀਂ ਲੱਗ ਸਕਿਆ। ਦੂਜਾ ਸ਼ਹੀਦੀ ਮੇਲਾ 20 ਫਰਵਰੀ 1920 ਵਾਲੇ ਦਿਨ ਮਹੰਤ ਨਰੈਣ ਦਾਸ ਅਤੇ ਅੰਗਰੇਜ਼ ਸਰਕਾਰ ਦੀ ਕੁਟਿਲ ਨੀਤੀ ਦੇ ਸ਼ਿਕਾਰ ਹੋਏ 200 ਸਿੱਖਾਂ ਦੀ ਸ਼ਹੀਦੀ ਦੀ ਯਾਦ ਵਿਚ ਲੱਗਿਆ ਕਰਦਾ ਸੀ। ਗੁਰਦੁਆਰਾ ਜਨਮ ਅਸਥਾਨ ਦੇ ਬਾਹਰਵਾਰ ਭਰਪੂਰ ਦੁਕਾਨਾਂ ਆਦਿ ਲੱਗਦੀਆਂ। 20 ਫਰਵਰੀ ਵਾਲੇ ਦਿਨ ਬਾਹਰੋਂ ਪਿੰਡਾਂ 'ਚੋਂ ਅਤੇ ਨਨਕਾਣਾ ਸਾਹਿਬ ਦੇ ਸੁਭਾਗੀ ਵਸਨੀਕ ਅੰਮ੍ਰਿਤ ਵੇਲੇ ਸ੍ਰੀ ਨਨਕਾਣਾ ਸਾਹਿਬ ਵਿਚ ਸਥਿਤ ਸਮੂਹ ਗੁਰ-ਅਸਥਾਨਾਂ ਦੀ ਪ੍ਰਕਰਮਾ ਕਰਦੇ, ਢੋਲਕੀਆਂ, ਛੈਣਿਆਂ ਨਾਲ ਪਵਿੱਤਰ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ, ਕੋਈ ਤੇ ਕੁ ਵਜੇ ਕੇਸਰੀ ਨਿਸ਼ਾਨ ਝੁਲਾਉਂਦੇ ਹੋਏ ਸ੍ਰੀ ਜਨਮ ਅਸਥਾਨ ਦੀ ਦਰਸ਼ਨੀ ਡਿਓਢੀ ਅੱਗੇ ਇਕੱਤਰ ਹੁੰਦੇ ਸਨ ਅਤੇ ਹੈੱਡ ਗ੍ਰੰਥੀ ਸਾਹਿਬ ਭਾਈ ਲਛਮਣ ਸਿੰਘ, ਭਾਈ ਦਲੀਪ ਸਿੰਘ ਅਤੇ ਉਹਨਾਂ ਦੇ 200 ਸਾਥੀ ਸਿੱਖਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਸਨ, ਜੋ ਗੁਰੂ ਨਾਨਕ ਦੇ ਜਨਮ ਅਸਥਾਨ ਨੂੰ ਦੁਰਾਚਾਰ, ਮਹੰਤ ਦੇ ਕਬਜ਼ੇ 'ਚੋਂ ਆਜ਼ਾਦ ਕਰਾਉਣ ਲਈ ਮਹੰਤ ਦੇ ਗੁੰਡਿਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ ਸਨ। ਇਸ ਪਿੱਛੋਂ ਦੀਵਾਨ ਸਜਦਾ ਅਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਂਦੀਆਂ। ਇਸ ਅਵਸਰ ਤੇ ਪੰਜਾਬ ਭਰ ਦਾ ਸਕੂਲਾਂ, ਕਾਲਜਾਂ ਦੀਆਂ ਟੀਮਾਂ ਮੰਗਵਾਈਆਂ ਜਾਂਦੀਆਂ ਅਤੇ ਗੁਰੂ ਨਾਨਕ ਖਾਲਸਾ ਹਾਈ ਸਕੂਲ ਦੇ ਸਰਸਬਜ਼ ਮੈਦਾਨਾਂ ਵਿਚ ਹਾਕੀ, ਫੁਟਬਾਲ, ਵਾਲੀਬਾਲ ਆਦਿ ਦੇ ਮੈਚ ਹੁੰਦੇ ਜੋ ਕੋਈ ਦੋ ਹਫਤੇ ਤੱਕ ਹੁੰਦੇ ਰਹਿੰਦੇ ਅਤੇ ਦਰਸ਼ਕ ਬੜੇ ਉਤਸ਼ਾਹ ਨਾਲ ਇਹ ਮੈਚ ਵੇਖਦੇ। ਪ੍ਰਬੰਧਕ ਕਮੇਟੀ ਜੇਤੂ ਟੀਮਾਂ ਨੂੰ ਇਨਾਮ ਦਿੰਦੀ। ਪਰ ਇਹ ਮੇਲਾ ਵੀ ਸ੍ਰੀ ਨਨਕਾਣਾ ਸਾਹਿਬ ਦਾ ਪਾਕਿਸਤਾਨ ਵਿਚ ਆਉਣ ਕਾਰਨ ਹੁਣ ਬੰਦ ਹੋ ਚੁੱਕਾ ਹੈ ਅਤੇ ਇਕ ਗੁਜ਼ਰੇ ਜ਼ਮਾਨੇ ਦੀ ਦਾਸਤਾਨ ਬਣ ਕੇ ਰਹਿ ਗਿਆ ਹੈ।

**ਲੇਖਕ- ਪਾਂਧੀ ਨਨਕਾਣਵੀ**

**ਧੰਨਵਾਦ ਸਹਿਤ- 'ਜਨ ਸਾਹਿਤ' ਅਪ੍ਰੈਲ-ਮਈ 1989**

# ਸ੍ਰੀ ਗੁਰੂ ਨਾਨਕ ਦੇਵ ਜੀ



**ਪ੍ਰਮਿੰਦਰ ਸਿੰਘ ਪ੍ਰਵਾਨਾ**
**510-781-0487**

ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਪਹਿਲਾ ਭਾਰਤ ਵਰਸ਼ ਵਹਿਮਾਂ-ਭਰਮਾਂ, ਤੁਅੱਸਬ, ਵੈਰ-ਵਿਰੋਧ ਦਾ ਸ਼ਿਕਾਰ ਸੀ। ਲੋਕ ਢਹਿੰਦੀ ਕਲਾ ਵੱਲ ਜਾ ਰਹੇ ਸਨ। ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਖੇਤਰਾਂ ਵਿਚ ਨਿਘਾਰ ਆ ਚੁੱਕਾ ਸੀ। ਲੋਕ ਜ਼ੁਲਮ ਅਤੇ ਪਾਪ ਵਿਚ ਪਿਸ ਰਹੇ ਸਨ। ਉਹਨਾਂ ਦਾ ਕੋਈ ਰਹਿਬਰ ਨਾ ਰਿਹਾ। ਧਾਰਮਿਕ ਆਗੂ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚ ਪਾ ਕੇ ਲੁੱਟ ਰਹੇ ਸਨ। ਰਾਜਨੀਤਿਕ ਟੋਲਾ ਵੀ ਲੋਟੂ ਟੋਲਾ ਹੋ ਚੁੱਕਾ ਸੀ। ਤਦ ਇਸ ਕਲਯੁਗ ਦੇ ਸਮੇਂ ਵਿਚ ਸਰਬ ਸਾਂਝੇ ਗੁਰੂ ਨਾਨਕ ਦੇਵ ਜੀ ਸਮੁੱਚੀ ਲੋਕਾਈ ਦੇ ਕਲਿਆਣ ਹਿੱਤ ਪ੍ਰਗਟ ਹੋਏ। 'ਭਇਆ ਆਨੰਦੁ ਜਗਤੁ ਵਿਚ ਕਲਿ ਤਾਰਨ ਗੁਰੂ ਨਾਨਕ ਆਇਆ।' ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ 15 ਅਪ੍ਰੈਲ 1469 ਨੂੰ ਹੋਇਆ। ਪਿੰਡ ਰਾਇ ਭੋਇੰ ਦੀ ਤਲਵੰਡੀ ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਜਿਸਨੂੰ ਨਨਕਾਣਾ ਸਾਹਿਬ ਆਖਿਆ ਜਾਂਦਾ ਹੈ। ਆਪ ਜੀ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਜੀ ਅਤੇ ਮਾਤਾ ਦਾ ਨਾਂ ਤ੍ਰਿਪਤਾ ਸੀ। ਆਪ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਸਨ।

ਗੁਰੂ ਨਾਨਕ ਦੇਵ ਜੀ ਬਚਪਨ ਤੋਂ ਹੀ ਅਧਿਆਤਮਕ ਵਿਚਾਰਾਂ ਦੇ ਸਨ। ਫਿਰ ਵੀ ਦੁਨਿਆਵੀ ਤੌਰ 'ਤੇ ਉਹਨਾਂ ਨੂੰ ਪਾਂਧੇ ਕੋਲ ਪੜ੍ਹਨ ਲਈ ਭੇਜਿਆ ਗਿਆ। ਉਹਨਾਂ ਨੇ ਹਿੰਦਵੀ ਪਹਾੜੇ ਛੇਤੀ ਹੀ ਸਿੱਖ ਲਏ। ਸਮੇਂ ਦੀਆਂ ਖੇਤਰੀ ਬੋਲੀਆਂ ਅਤੇ ਤੋਰਕੀ ਫਾਰਸੀ ਵਿਚ ਵੀ ਮੁਹਾਰਤ ਹਾਸਲ ਕੀਤੀ। ਫਿਰ ਉਹਨਾਂ ਨੇ ਦਫ਼ਤਰੀ ਕੰਮ ਵੀ ਸਿੱਖ ਲਿਆ। ਗੁਰੂ ਜੀ ਸੁਲਤਾਨਪੁਰ ਲੋਧੀ ਦੇ ਨਵਾਬ, ਜਿਸਨੇ ਸਰਕਾਰੀ ਦਾਣਾ-ਫੱਕਾ ਵੇਚਣ ਲਈ ਮੋਦੀਖਾਨੇ ਖੋਲ੍ਹਿਆ ਸੀ ਤਾਂ ਬਾਬਾ ਨਾਨਕ ਜੀ ਮੋਦੀ ਬਣਾਏ ਗਏ। 19 ਵਰ੍ਹੇ ਦ ਉਮਰ ਵਿਚ ਆਪ ਜੀ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਸਨ ਸ੍ਰੀ ਚੰਦ ਅਤੇ ਲਖਮੀ ਦਾਸ। 28 ਵਰ੍ਹੇ ਦੀ ਉਮਰ ਵਿਚ 1497 ਨੂੰ ਵੇਈਂ ਦੇ ਕੰਢੇ ਪ੍ਰਚਾਰ ਕਰਨ ਦੀ ਸੋਝੀ ਹੋਈ। 1521 ਈ. ਤੱਕ ਚਾਰ ਉਦਾਸੀਆਂ ਕੀਤੀਆਂ। ਪਹਿਲੀ ਪੂਰਬ, ਦੂਜੀ ਦੱਖਣ, ਤੀਜੀ ਉਤਰ ਤੇ ਚੌਥੀ ਪੱਛਮ ਵੱਲ। ਉਹਨਾਂ ਦੇ ਨਾਲ ਰਬਾਬੀ ਮਰਦਾਨਾ ਅਤੇ ਬਾਲਾ ਜੀ ਵੀ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪ੍ਰਚਾਰ ਦਾ ਉਪਦੇਸ਼ ਇਸ ਤੋਂ ਸ਼ੁਰੂ ਕੀਤਾ ਕਿ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ। ਉਹਨਾਂ ਅਨੁਸਾਰ ਲੋਕਾਂ ਵਿਚੋਂ ਧਰਮ ਉੱਡ ਚੁੱਕਾ ਹੈ, ਨਾ ਕੋਈ ਪੂਰਾ ਹਿੰਦੂ ਹੈ ਅਤੇ ਨਾ ਹੀ ਕੋਈ ਪੂਰਾ ਮੁਸਲਮਾਨ ਹੈ। ਉਪਰੋਂ ਆਪਸੀ ਨਿਖੇੜਿਆਂ ਕਰਕੇ ਦੋਵੇਂ ਦੁਬਿਧਾ ਵਿਚ ਹਨ। ਉਹਨਾਂ ਨੇ ਵਿਸ਼ਵ ਭਾਈਚਾਰੇ ਦਾ ਸੰਦੇਸ਼ ਦਿੱਤਾ ਤਾਂ ਹੀ ਤਾਂ ਲੋਕਾਂ ਵਿਚੋਂ ਦੂਰੀਆਂ ਖਤਮ ਹੋਈਆਂ ਤੇ ਗੁਰੂ ਦੇ ਚਲਾਏ ਸਰਬ ਸਾਂਝੇ ਰਾਹ 'ਤੇ ਤੁਰਨ ਲਈ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਵੀ ਗੁਰੂ ਨਾਨਕ ਸਾਹਿਬ ਦੇ ਨੇੜੇ ਹੁੰਦੇ ਗਏ। ਉਹਨਾਂ ਆਖਿਆ ਹਰ ਇਨਸਾਨ ਪਹਿਲਾਂ ਇਨਸਾਨ ਹੈ, ਫਿਰ ਹਿੰਦੂ ਜਾਂ ਮੁਸਲਮਾਨ ਹੈ। ਜਾਤ-ਪਾਤ, ਛੂਤ-ਛਾਤ ਨੂੰ ਖਤਮ ਕਰਨ ਲਈ ਉਹਨਾਂ ਨੇ ਗੁਰੂ ਦੇ ਸਾਂਝੇ ਲੰਗਰਾਂ ਦੀ ਪ੍ਰਥਾ ਚਲਾਈ, ਜਿੱਥੇ ਹਰ ਫਿਰਕੇ ਦੇ ਲੋਕ ਬਿਨਾਂ ਭੇਦਭਾਵ ਇਕੋ ਪੰਗਤ ਵਿਚ ਰਲ ਬੈਠ ਕੇ ਲੰਗਰ ਛਕਦੇ ਸਨ। ਉਹਨਾਂ ਸਮਝਾਇਆ ਕਿ ਜਾਤ-ਪਾਤ ਦਾ ਵਿਤਕਰਾ ਇਕ ਸਮਾਜਿਕ ਦੋਸ਼ ਹੈ ਜੋ ਸਮਾਜ ਨੂੰ ਕਮਜ਼ੋਰ ਕਰਦਾ ਹੈ। ਉਹਨਾਂ ਸ਼ਾਹ ਸ਼ਰਫ ਨੂੰ ਦੱਸਿਆ ਕਿ ਜੋ ਹਰ ਇਨਸਾਨ ਨੂੰ ਪਿਆਰ ਕਰਦੇ ਹਨ, ਉਹ ਹੀ ਸੰਸਾਰ ਵਿਚ ਸਫਲ ਰਹਿੰਦੇ ਹਨ।

ਗੁਰੂ ਨਾਨਕ ਸਾਹਿਬ ਨੇ ਗ੍ਰਿਹਸਥ ਨੂੰ ਸਭ ਤੋਂ ਵੱਡੀ ਪਹਿਲ ਦਿੱਤੀ। ਗ੍ਰਿਹਸਥ ਨੂੰ ਜੀਵਨ ਦਾ ਧੁਰਾ ਦੱਸਿਆ। ਉਹਨਾਂ ਨੇ ਜੋਗੀਆਂ ਨੂੰ ਕਿਹਾ ਕਿ ਉਹ ਤਪ-ਤਿਆਗ ਤੋਂ ਨਿਕਲ ਕੇ ਲੋਕ ਭਲਾਈ ਦਾ ਕੰਮ ਕਰਨ। ਉਹਨਾਂ ਨੇ ਦਸਾਂ ਨਹੁੰਆਂ ਦੀ ਕਿਰਤ ਕਰਨ 'ਤੇ ਜ਼ੋਰ ਦਿੱਤਾ। ਸਮਾਜਿਕ ਮਜ਼ਬੂਤੀ ਲਈ ਕਿਹਾ ਕਿ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ। ਸੇਵਾ ਸਿੱਖ ਧਰਮ ਦਾ ਅੰਗ ਹੈ। ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਪਵਿੱਤਰ ਜੀਵਨ ਜਿਊਣ ਲਈ ਸੁਆਰਥ ਨੂੰ ਛੱਡੋ। ਭਾਵੇਂ ਵਿਚ ਰਹੋ ਦਸਾਵਾਨ ਬਣੋ, ਦਾਨ ਕਰੋ। ਸੱਚ ਤੇ ਪਹਿਰਾ ਦਿਓ। ਰੱਬ ਇਕ ਹੈ, ਉਸਦੀ ਰਜ਼ਾ ਵਿਚ ਰਹੋ। ਰੱਬ ਨਾਲ ਸਿੱਧਾ ਰਸਤਾ ਬਣਾਓ, ਕਿਸੇ ਕਰਮ ਕਾਂਡ ਦੀ ਲੋੜ ਨਹੀਂ ਹੈ। ਵਹਿਮਾਂ-ਭਰਮਾਂ ਦਾ ਖੰਡਨ ਕਰਕੇ ਗੁਰੂ ਜੀ ਨੇ ਪ੍ਰਮਾਤਮਾ ਨਾਲ ਜੁੜਨ ਦਾ ਰਾਹ ਦੱਸਿਆ। ਕੂੜ ਦੀ ਕੰਧ ਦੂਰ ਕਰਨ ਲਈ ਕੇਵਲ ਉਸ ਅਕਾਲ ਪੁਰਖ ਨੂੰ ਹੀ ਪ੍ਰਣਾਮ ਕਰੋ। ਇਸਤਰੀ ਨੂੰ ਮਾਣ ਦਿੰਦੇ ਹੋਏ ਉਪਦੇਸ਼ ਦਿੱਤਾ ਕਿ ਇਸਤਰੀ ਤੋਂ ਹੀ ਜਗਤ ਦੀ ਉਤਪੱਤੀ ਹੁੰਦੀ ਹੈ। ਜਿਸ ਤੋਂ ਰਾਜੇ ਵੀ ਜਨਮ ਲੈਂਦੇ ਹਨ, ਉਸਨੂੰ ਮੰਦਾ ਆਖਣਾ ਠੀਕ ਨਹੀਂ।

ਗੁਰੂ ਨਾਨਕ ਦੇਵ ਜੀ ਦੀ ਸਾਰੀ ਸਿੱਖਿਆ ਦਾ ਮੰਤਵ ਸਮਾਜਿਕ ਸਾਵਾਂਪਣ, ਵਿਸ਼ਵ ਭਾਈਚਾਰਾ ਬਣਾਉਣਾ, ਫਿਰਕਾਪ੍ਰਸਤੀ ਨੂੰ ਤੋੜਨਾ, ਵਹਿਮਾਂ-ਭਰਮਾਂ ਨੂੰ ਦੂਰ ਕਰਕੇ ਮਨ ਸਾਫ ਰੱਖਣਾ ਹੈ। ਉਹਨਾਂ ਦੇ ਉਪਦੇਸ਼ ਵਿਚ ਰੀਤ-ਰਸਮ ਦੀ ਕੋਈ ਥਾਂ ਨਹੀਂ ਸੀ। ਉਹਨਾਂ ਦੇ ਸੰਕਲਪ ਧਰਮ ਵਿਚ ਲੋਕਾਂ ਦਾ ਰੱਬ ਵਿਚ ਵਿਸ਼ਵਾਸ ਜਗਾਉਣਾ ਸੀ। ਉਹਨਾਂ ਨੇ ਡੂੰਘੀ ਰੂਹਾਨੀਅਤ ਨਾਲ ਮਨੁੱਖਤਾ ਨੂੰ ਸੱਚ ਧਰਮ ਦਾ ਗਿਆਨ ਕਰਵਾਇਆ। ਉਹਨਾਂ ਦਾ ਉਪਦੇਸ਼ ਮਨੁੱਖਤਾ ਲਈ ਸਾਂਝਾ ਸੀ। ਅੰਤਲੇ ਜੀਵਨ ਵਿਚ ਜਦੋਂ ਉਹ ਕਰਤਾਰਪੁਰ ਜਾ ਵੱਸੇ ਤਾਂ ਹਿੰਦੂ ਅਤੇ ਮੁਸਲਮਾਨ ਦੋਵੇਂ ਉਹਨਾਂ ਦੇ ਦਰਸ਼ਨਾਂ ਲਈ ਆਉਂਦੇ ਸਨ। ਭਾਈ ਗੁਰਦਾਸ ਜੀ ਨੇ ਲਿਖਿਆ ਹੈ ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ। ਗੁਰੂ ਨਾਨਕ ਦੇ ਉਪਦੇਸ਼ ਹੇਠ ਹਿੰਦੂਆਂ ਅਤੇ ਮੁਸਲਮਾਨਾਂ ਨੇ ਆਪਣੀ ਤੰਗ ਨਜ਼ਰੀ ਛੱਡ ਦਿੱਤੀ ਸੀ। ਹਿੰਦੂ ਤੇ ਮੁਸਲਮਾਨ ਉਹਨਾਂ ਦੀ ਅੰਤਿਮ ਕਿਰਿਆ ਆਪਣੇ ਮੱਤ ਅਨੁਸਾਰ ਕਰਨਾ ਚਾਹੁੰਦੇ ਸਨ ਅਤੇ ਆਪਣਾ ਹੱਕ ਸਮਝਦੇ ਸਨ। ਆਮ ਲੋਕਾਂ ਵਿਚ ਚਰਚਿਤ ਸੀ ਨਾਨਕ ਸ਼ਾਹ ਫਕੀਰ। ਹਿੰਦੂਆਂ ਦਾ ਗੁਰੂ ਮੋਮਨਾਂ ਦਾ ਪੀਰ। ਉਹਨਾਂ ਦੀ ਸ਼ਖਸੀਅਤ ਦੇ ਗੁਣ ਨਹੀਂ ਗਾਏ ਜਾ ਸਕਦੇ।

# ਸ੍ਰੀ ਗੁਰੂ ਨਾਨਕ ਦੇਵ : ਇਨਕਲਾਬ ਦੇ ਸਿਰਜਕ



ਆਮ ਤੋਰ ਤੇ ਕਿਹਾ ਜਾਂਦਾ ਹੈ ਕਿ ਜਦੋਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ, ਉਸ ਸਮੇਂ ਸੰਸਾਰ ਵਿੱਚ ਪਹਿਲਾਂ ਤੋਂ ਹੀ ਅਨੇਕਾਂ ਧਰਮ ਪ੍ਰਚਲਤ ਸਨ, ਫਿਰ ਅਜਿਹੀ ਕਿਹੜੀ ਲੋੜ ਪੈ ਗਈ ਕਿ ਉਨ੍ਹਾਂ ਇੱਕ ਨਵੇਂ ਧਰਮ ਦੀ ਨੀਂਹ ਰਖ ਦਿੱਤੀ। ਪ੍ਰੰਤੂ ਜਦੋਂ ਅਸੀਂ ਉਸ ਸਮੇਂ ਦੇ ਹਾਲਾਤ ਅਤੇ ਉਸ ਸਮੇਂ ਦੇ ਪ੍ਰਚਲਤ ਧਰਮਾਂ ਦੀ ਦਸ਼ਾ ਦੀ ਘੋਖ ਕਰਦੇ ਹਾਂ, ਤਾਂ ਸਾਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਉਸ ਸਮੇਂ ਇੱਕ ਅਜਿਹੇ ਸ਼ਾਂਝੇ ਧਰਮ ਮਾਰਗ ਦੀ ਬਹੁਤ ਲੋੜ ਸੀ, ਜੋ ਧਾਰਮਕ ਵਿਸ਼ਵਾਸਾਂ ਦੀ ਨਿਘਰਦੀ ਜਾ ਰਹੀ ਸਥਿਤੀ ਵਿਚੋਂ ਸੱਚੇ ਧਾਰਮਕ ਵਿਸ਼ਵਾਸ ਨੂੰ ਉਭਾਰ ਸਕੇ ਅਤੇ ਅਖੌਤੀ ਧਾਰਮਕ ਅਗੂਆਂ ਦੇ ਸੁਆਰਥ ਦਾ ਸ਼ਿਕਾਰ ਹੋ ਰਹੇ ਲੋਕਾਂ ਨੂੰ ਬਚਾ ਸਕੇ।



ਜਸਵੰਤ ਸਿੰਘ 'ਅਜੀਤ'
91 9 827-19890

ਉਸ ਸਮੇਂ ਦੇ ਪ੍ਰਚਲਤ ਧਰਮਾਂ ਦੀ ਨਿਘਰਦੀ ਦਸ਼ਾ, ਕੇਵਲ ਭਾਰਤ ਵਿੱਚ ਹੀ ਨਹੀਂ ਸੀ, ਸਗੋਂ ਸੰਸਾਰ ਭਰ ਵਿੱਚ ਫੈਲੀ ਹੋਈ ਸੀ। ਹਰ ਧਰਮ ਦੇ ਪੈਰੋਕਾਰ ਆਪਣੇ ਧਰਮ ਨੂੰ ਸਰਬ-ਸ੍ਰੇਸ਼ਟ ਮੰਨਦੇ ਅਤੇ ਦੂਸਰੇ ਦੇ ਧਰਮ ਨੂੰ ਕਾਫਰਾਂ ਦਾ ਧਰਮ ਪ੍ਰਚਾਰ ਉਸ ਵਿਰੁਧ ਨਫਰਤ ਪੈਦਾ ਕਰਨ ਵਿੱਚ ਰੁਝੇ ਹੋਏ ਸਨ। ਇਸੇ ਸੋਚ ਨੇ ਤਾਕਤਵਰ ਸ਼ਕਤੀਆਂ ਦੇ ਹੱਥ ਤਲਵਾਰ ਫੜਾ ਦਿੱਤੀ, ਜਿਸ ਨਾਲ ਉਨ੍ਹਾਂ ਕਮਜ਼ੋਰਾਂ ਦੇ ਸਿਰ ਲਾਹੁਣੇ ਸ਼ੁਰੂ ਕਰ ਦਿੱਤੇ। ਨਤੀਜਾ ਇਹ ਹੋਇਆ ਕਿ ਜ਼ੁਲਮ ਦਾ ਦੌਰ ਸ਼ੁਰੂ ਹੋ ਗਿਆ। ਕਮਜ਼ੋਰ ਲਈ ਜਾਨ ਬਚ-ਾਉਣ ਦਾ ਇੱਕੋ-ਇੱਕ ਰਾਹ ਰਹਿ ਗਿਆ ਕਿ ਉਹ ਆਪਣਾ ਧਰਮ ਤਿਆਗ, ਸੱਤਾਧਾਰੀਆਂ / ਤਾਕਤਵਰਾਂ ਦੇ ਧਰਮ ਨੂੰ ਅਪਨਾ ਲਏ।

ਇਸੇ ਕਮਜ਼ੋਰੀ ਅਤੇ ਬੁਜ਼ਦਿਲੀ ਦੇ ਕਾਰਣ ਹੀ ਇਨਸਾਨ ਲਈ ਸਿਰ ਚੁਕ ਕੇ ਟੁਰਨਾ ਅਤੇ ਅਣਖ ਨਾਲ ਜੀਉਣਾ ਮੁਹਾਲ ਹੋ ਗਿਆ ਸੀ। ਉਸਦੇ ਸਿਰ ਤੇ ਜ਼ਾਲਮ ਹਾਕਮਾਂ ਦੇ ਜ਼ੁਲਮ ਦੀ ਤਲਵਾਰ ਹਰ ਸਮੇਂ ਲਟਕਦੀ ਰਹਿੰਦੀ, ਜਿਸਦੇ ਸਹਿਮ ਹੇਠ ਉਹ ਜੀਵਨ ਦੀਆਂ ਘੜੀਆਂ ਗਿਣਦਿਆਂ ਦਿਨ-ਕਟੀ ਕਰਨ ਤੇ ਮਜਬੂਰ ਹੋਏ ਰਹਿੰਦੇ। ਪਠਾਣਾਂ, ਮੁਗਲਾਂ ਆਦਿ ਜਿਨ੍ਹਾਂ ਵੀ ਲੁਟੇਰਿਆਂ ਨੇ ਹਿੰਦੁਸਤਾਨ ਤੇ ਹਮਲਾ ਕੀਤਾ, ਉਨ੍ਹਾਂ ਦੀ ਹਮੇਸ਼ਾ ਇਹੀ ਕੋਸ਼ਿਸ਼ ਰਹੀ ਕਿ ਉਹ ਜਿਥੇ ਹਿੰਦੁਸਤਾਨ ਦੀ ਦੌਲਤ ਲੁਟ ਆਪਣੇ ਦੇਸ਼ ਲੈ ਜਾਣ, ਉਥੇ ਹੀ ਉਹ ਹਿੰਦੁਸਤਾਨ ਦੀ ਇਜ਼ਤ (ਔਰਤਾਂ) ਵੀ ਲੁਟ, ਆਪਣੇ ਦੇਸ਼ ਦੇ ਬਾਜ਼ਾਰਾਂ ਵਿੱਚ ਜਾ ਵੇਚਣ। ਜਦੋਂ ਮੁਗਲਾਂ ਨੇ ਹਿੰਦੁਸਤਾਨ ਤੇ ਹਮਲਾ ਕੀਤਾ, ਅਰੰਭ ਵਿੱਚ ਭਾਵੇਂ ਉਨ੍ਹਾਂ ਦਾ ਉਦੇਸ਼ ਸੋਨੇ ਦੀ ਚਿੜੀ ਹਿੰਦੁਸਤਾਨ ਨੂੰ ਲੁਟ, ਤਬਾਹ ਤੇ ਬਰਬਾਦ ਕਰਨਾ ਹੀ ਸੀ, ਪਰ ਬਾਅਦ ਵਿੱਚ ਉਨ੍ਹਾਂ ਹਿੰਦੁਸਤਾਨ ਨੂੰ ਜਿੱਤ, ਆਪਣੀ ਹਕੂਮਤ ਦੇ ਪੈਰ ਪੱਕੇ ਕਰਨ ਲਈ, ਇਥੋਂ ਦੇ ਵਾਸੀਆਂ, ਜੋ ਕਿ ਮੁੱਖ ਰੂਪ ਵਿੱਚ ਹਿੰਦੂ ਸਨ ਅਤੇ ਜਿਨ੍ਹਾਂ ਨੂੰ ਉਹ ਕਾਫਰ ਕਹਿੰਦੇ ਸਨ, ਨੂੰ ਆਪਣੇ ਧਰਮ, ਇਸਲਾਮ ਵਿੱਚ ਲਿਆਉਣ ਲਈ, ਤਲਵਾਰ ਦੇ ਜ਼ੋਰ ਨਾਲ ਧਰਮ-ਪ੍ਰੀਵਰਤਨ ਦੀ ਮੁਹਿੰਮ ਛੇੜ ਦਿੱਤੀ।

ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਹਿੰਦੁਸਤਾਨੀਆਂ ਪੁਰ ਬੇ-ਬਹਾ ਜ਼ੁਲਮ ਢਾਹੇ, ਉਨ੍ਹਾਂ ਦੇ ਧਰਮ-ਅਸਥਾਨਾਂ ਦਾ ਅਪਮਾਨ ਕੀਤਾ। ਪਰ ਹਿੰਦੁਸਤਾਨੀ ਉਨ੍ਹਾਂ ਦਾ ਜ਼ੁਲਮ ਦਾ ਢੁਕਵਾਂ ਜਵਾਬ ਦੇਣ ਦੀ ਬਜਾਏ ਚੁਪਚਾਪ ਸਹਿਣ 'ਤੇ ਮਜਬੂਰ ਜਾਪਣ ਲਗੇ। ਇਸਦਾ ਕਾਰਣ ਇਹ ਸੀ ਕਿ ਬੁੱਧ ਅਤੇ ਜੈਨ ਮਤ ਦੇ ਪ੍ਰਚਾਰਕਾਂ ਨੇ ਅਹਿੰਸਾ ਦਾ ਪ੍ਰਚਾਰ ਕਰ, ਉਨ੍ਹਾਂ ਨੂੰ ਇਤਨਾ ਬੁਜ਼ਦਿਲ ਬਣਾ ਕੇ ਰਖ ਦਿੱਤਾ ਹੋਇਆ ਸੀ ਕਿ ਉਹ ਆਪਣੇ ਪੁਰ ਹੋ ਰਹੇ ਜ਼ੁਲਮ ਦਾ ਵਿਰੋਧ ਕਰਨਾ ਤਾਂ ਦੂਰ ਰਿਹਾ 'ਆਹ!' ਦਾ ਨਾਹਰਾ ਤਕ ਵੀ ਮਾਰਨ ਦਾ ਹੀਆ ਨਹੀਂ ਸੀ ਕਰ ਪਾ ਰਹੇ। ਦੂਸਰੇ ਪਾਸੇ ਜ਼ੁਲਮ ਦਾ ਸ਼ਿਕਾਰ ਹੋ ਰਹੇ ਲੋਕਾਂ ਵਲੋਂ ਕੋਈ ਵਿਰੋਧ ਨਾ ਹੁੰਦਾ ਵੇਖ, ਜ਼ਾਲਮਾਂ ਦੇ ਹੌਂਸਲੇ ਲਗਾਤਾਰ ਵਧਦੇ ਜਾ ਰਹੇ ਸਨ। ਉਨ੍ਹਾਂ ਆਪਣੇ ਮੰਨੋਰੰਜਨ ਲਈ ਜ਼ੁਲਮ ਦੇ ਨਵੇਂ-ਨਵੇਂ ਢੰਗ ਅਪਨਾਣੇ ਸ਼ੁਰੂ ਕਰ ਦਿੱਤੇ। ਜ਼ੁਲਮ ਦਾ ਸ਼ਿਕਾਰ ਲੋਕਾਂ ਨੂੰ ਤੜਪਦਿਆਂ ਵੇਖ, ਉਨ੍ਹਾਂ ਵਲੋਂ ਕਿਲਕਾਰੀਆਂ ਮਾਰੀਆਂ ਜਾਂਦੀਆਂ, ਨਚ-ਗਾ ਜਸ਼ਨ ਮਨਾਏ ਜਾਂਦੇ।

ਇਨ੍ਹਾਂ ਜ਼ੁਲਮਾਂ ਨੇ ਦੇਸ਼ ਵਾਸੀਆਂ ਨੂੰ ਦੋ ਸ਼੍ਰੇਣੀਆਂ, 'ਜ਼ਾਲਮ ਤੇ ਮਜ਼ਲੂਮ' ਵਿੱਚ ਵੰਡ ਦਿੱਤਾ। ਨਾ ਤਾਂ ਜ਼ਾਲਮ ਹਾਕਮ ਨੂੰ ਆਪਣੇ ਧਰਮ ਦੇ ਮੂਲਾਂ ਅਤੇ ਮਾਨਤਾਵਾਂ ਦਾ ਕੋਈ ਪਾਸ ਰਿਹਾ ਅਤੇ ਨਾ ਹੀ ਜ਼ੁਲਮ ਦਾ ਸ਼ਿਕਾਰ ਹੋ ਰਹੇ ਮਜ਼ਲੂਮ ਨੂੰ ਆਪਣੇ ਧਰਮ ਦੇ ਅਸੂਲਾਂ ਦੀ ਸਮਝ ਰਹਿ ਗਈ।

ਅਜਿਹੇ ਨਾਜ਼ੁਕ ਸਮੇਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਉਨ੍ਹਾਂ ਆਪਣੇ ਚਹੁੰ ਪਾਸੇ ਨਜ਼ਰ ਦੌੜਾਈ, ਸੰਸਾਰ ਦੀ ਤਰਸਯੋਗ ਹਾਲਤ ਵੇਖੀ ਤਾਂ ਉਨ੍ਹਾਂ ਮਜ਼ਲੂਮ ਨੂੰ ਜ਼ੁਲਮ ਦੀ ਜਿਲ੍ਹਣ ਵਿੱਚੋਂ ਕਢ, ਉਸਨੂੰ ਮਨੁਖਤਾ ਦੇ ਰਾਹ ਤੇ ਚਲਾਣ ਦਾ ਤਹੱਈਆ ਕਰ ਲਿਆ। ਉਨ੍ਹਾਂ ਮਜ਼ਲੂਮ ਨੂੰ ਇਹ ਸੰਦੇਸ਼ ਦੇ ਕੇ ਝਿੰਜੋੜਿਆ, ਕਿ ਜ਼ੁਲਮ ਸਹਿਣਾ ਜ਼ੁਲਮ ਕਰਨ ਨਾਲੋਂ ਵੀ ਕਿਤੇ ਵੱਡਾ ਗੁਨਾਹ ਹੈ। ਅਣਖ ਅਤੇ ਆਤਮ-ਸਨਮਾਨ ਨਾਲ ਜੀਉਣ ਲਈ, ਜ਼ੁਲਮ ਦਾ ਵਿਰੋਧ ਕਰਦਿਆਂ ਮਰ ਜਾਣਾ ਅਣਖ-ਹੀਨ ਜੀਵਨ ਨਾਲੋਂ ਕਿਤੇ ਹਜ਼ਾਰ ਦਰਜੇ ਬੇਹਤਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਿੱਤੇ ਇਸ ਸੰਦੇਸ਼ ਤੋਂ ਸਪਸ਼ਟ ਸੀ ਕਿ ਸਿੱਖੀ ਦਾ ਰਾਹ ਸੌਖਾ ਨਹੀਂ ਤੇ ਨਾ ਹੀ ਇਹ ਕੋਈ ਖੇਡ ਹੈ। ਇਹੀ ਕਾਰਣ ਸੀ ਕਿ ਗੁਰੂ ਸਾਹਿਬ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਜੇ ਉਨ੍ਹਾਂ ਨਾਲ ਜੁੜਨਾ ਤੇ ਉਨ੍ਹਾਂ ਦੇ ਦਸੇ ਮਾਰਗ ਤੇ ਚਲਣਾ ਹੈ ਤਾਂ ਸਿਰ ਤਲੀ ਤੇ ਰਖ ਅਤੇ ਆਪਣੇ ਆਪ ਨੂੰ ਸਿਰ ਦੇਣ ਲਈ ਤਿਆਰ ਕਰ ਕੇ, ਆਉਣਾ ਹੋਵੇਗਾ।

ਇਸਦਾ ਕਾਰਣ ਉਨ੍ਹਾਂ ਇਹ ਦਸਿਆ ਕਿ ਇਸ ਰਾਹ ਤੇ ਤੁਰਦਿਆਂ ਇੱਕ ਪਾਸੇ ਜ਼ੁਲਮ ਨੂੰ ਵੰਗਾਰਨਾ ਹੋਵੇਗਾ ਅਤੇ ਦੂਜੇ ਪਾਸੇ ਮਜ਼ਲੂਮ ਦੇ ਦਿੱਲ ਵਿੱਚ ਆਤਮ-ਸਨਮਾਨ ਅਤੇ ਆਤਮ-ਵਿਸ਼ਵਾਸ ਦੀ ਭਾਵਨਾ ਭਰ, ਉਸਨੂੰ ਅਣਖ ਨਾਲ ਜੀਣ ਲਈ ਤਿਆਰ ਕਰਨਾ ਹੋਵੇਗਾ। ਜ਼ਾਲਮ ਭਾਵੇਂ ਬਾਦਸ਼ਾਹ ਹੀ ਕਿਉਂ ਨਾ ਹੋਵੇ ਅਤੇ ਉਸਦੇ ਅਹਿਲਕਾਰ ਭਾਵੇਂ ਕਿਤਨੇ ਹੀ ਤਾਕਤਵਰ ਕਿਉਂ ਨਾ ਹੋਣ, ਉਨ੍ਹਾਂ ਨੂੰ 'ਰਾਜੇ ਸ਼ੀਂਹ ਮੁਕਦਮ ਕੁਤੇ' ਕਹਿਣ ਦੀ ਹਿੰਮਤ ਜੁਟਾਣੀ ਹੋਵੇਗੀ।

ਜਿਸਦਾ ਸਪਸ਼ਟ ਮਤਲਬ ਇਹ ਸੀ ਕਿ ਧਰਮ ਅਤੇ ਆਤਮ-ਸਨਮਾਨ ਦੀ ਰਖਿਆ ਲਈ ਜਦੋਂ ਆਤਮ-ਵਿਸ਼ਵਾਸ ਨਾਲ ਭਰਿਆ ਕਦਮ ਅੱਗੇ ਵਧੇਗਾ ਤਾਂ ਜ਼ਾਲਮ ਦਾ ਅਹੰਕਾਰ, ਉਸਨੂੰ ਦਬਾਣ ਲਈ ਆਪਣੀ ਸਮੁੱਚੀ ਤਾਕਤ ਝੋਂਕ ਦੇਵੇਗਾ। ਫਲਸਰੂਪ ਅਨੇਕਾਂ ਜ਼ੁਲਮ ਸਹਿਣੇ ਪੈਣਗੇ। ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਜਾਣਗੇ ਤੇ ਸ਼ਰੀਰ ਨੂੰ ਜੰਬੂਰਾਂ ਨਾਲ ਨੋਚਿਆ ਤਕ ਜਾਇਗਾ।

ਜੇ ਅਜਿਹੇ ਜ਼ੁਲਮ ਨੂੰ ਸਹਿੰਦਿਆਂ ਡੋਲ ਗਏ ਜਾਂ ਕਮਜ਼ੋਰ ਪੈ ਗਏ ਤਾਂ ਬਚਿਆ ਧਾਰਮਕ ਵਿਸ਼ਵਾਸ ਵੀ ਟੁੱਟ ਜਾਇਗਾ। ਜੇ ਨਿਰ-ਸੰਕੋਚ ਹੋ ਜਾਨ ਤਲੀ ਤੇ ਰਖ ਅੱਗੇ ਵਧੇ ਤਾਂ ਮਜ਼ਲੂਮਾਂ ਵਾਂਗ ਜੀਵਨ ਬਤੀਤ ਕਰ ਰਿਹਾਂ ਦੀ ਆਤਮਾ ਵਿੱਚ ਨਵ-ਜੀਵਨ ਦਾ ਸੰਚਾਰ ਹੋਵੇਗਾ ਅਤੇ ਉਨ੍ਹਾਂ ਦਾ ਆਤਮ-ਵਿਸ਼ਵਾਸ ਉਨ੍ਹਾਂ ਦੇ ਆਤਮ-ਸਨਮਾਨ ਦੀ ਰਖਿਆ ਪ੍ਰਤੀ ਦ੍ਰਿੜ੍ਹ ਹੋ ਜਾਇਗਾ, ਫਲਸਰੂਪ ਉਹ ਵੱਡੀ ਤੋਂ ਵੱਡੀ ਸ਼ਕਤੀ ਨੂੰ ਚੁਨੌਤੀ ਦੇਣ ਦੇ ਸਮਰਥ ਹੋ ਜਾਣਗੇ।


### ਭਾਰਤੀ ਸੰਵਿਧਾਨ ਦਿਵਸ ਸਬੰਧੀ ਵਿਸ਼ੇਸ਼

# 26 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿੱਚ ਪਾਸ ਹੋਇਆ ਸੀ ਸੰਵਿਧਾਨ



ਕੁਲਦੀਪ ਚੰਦ
91-94175-63054

ਅੱਜ ਅਸੀਂ ਭਾਰਤੀ ਸੰਵਿਧਾਨ ਦਿਵਸ ਮਨਾ ਰਹੇ ਹਾਂ। ਭਾਰਤ ਦਾ ਸੰਵਿਧਾਨ ਜੋਕਿ ਦੁਨੀਆ ਦਾ ਸਭਤੋਂ ਵੱਡਾ ਲਿਖਤੀ ਸੰਵਿਧਾਨ ਹੈ ਜਿਸ ਵਿੱਚ ਹੁਣ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੂਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਦਾ ਇਤਿਹਾਸ ਵੇਖੀਏ ਤਾਂ ਸੰਵਿਧਾਨ ਬਣਾਉਣ ਦਾ ਵਿਚਾਰ ਸਭਤੋਂ ਪਹਿਲਾਂ ਅੰਤਰਰਾਸ਼ਟਰੀ ਮਸ਼ਹੂਰ ਕ੍ਰਾਂਤੀਕਾਰੀ ਕਾਮਰੇਡ ਐਮ ਐਨ ਰਾਓ ਨੇ 1934 ਵਿੱਚ ਦਿੱਤਾ ਸੀ ਜਿਸਨੂੰ ਕਾਂਗਰਸ ਨੇ 1935 ਵਿੱਚ ਸਵਿਕਾਰ ਕਰ ਲਿਆ। 1940 ਵਿੱਚ ਬ੍ਰਿਟੇਨ ਨੇ ਇੱਕ ਪ੍ਰਸਤਾਵ ਪੇਸ ਕੀਤਾ ਜਿਸਨੂੰ ਅਗੱਸਤ ਆਫਰ ਵੀ ਕਿਹਾ ਜਾਂਦਾ ਹੈ ਜਿਸ ਵਿੱਚ ਭਾਰਤ ਵਾਸੀਆਂ ਵਲੋਂ ਅਪਣਾ ਸੰਵਿਧਾਨ ਬਣਾਉਣ ਨੂੰ ਮਾਨਤਾ ਦੇਣਾ ਵੀ ਸ਼ਾਮਿਲ ਸੀ। ਇਸ ਲਈ ਭਾਰਤੀਆਂ ਨੇ ਦੂਜੇ ਵਿਸ਼ਵ ਯੁੱਧ ਵਿੱਚ ਬ੍ਰਿਟੇਨ ਦੀ ਮੱਦਦ ਕੀਤੀ। ਦੂਜੇ ਵਿਸ਼ਵ ਯੁੱਧ ਤੋਂ ਬਾਦ ਜੁਲਾਈ 1945 ਵਿੱਚ ਬ੍ਰਿਟੇਨ ਨੇ ਭਾਰਤ ਦੀ ਸੰਵਿਧਾਨ ਸਭਾ ਦੇ ਨਿਰਮਾਣ ਲਈ ਇੱਕ ਕੈਬਿਨਟ ਮਿਸ਼ਨ ਜਿਸ ਵਿੱਚ 03 ਮੰਤਰੀ ਸ਼ਾਮਿਲ ਸਨ ਭਾਰਤ ਭੇਜਿਆ। ਸੰਵਿਧਾਨ ਸਭਾ ਦੇ ਮੈਂਬਰ ਭਾਰਤ ਦੇ ਰਾਜਾਂ ਦੀਆਂ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਬਣਾਏ ਗਏ ਸਨ। ਇਸ ਸਬੰਧੀ ਕੁੱਲ 12 ਸੈਸ਼ਨ ਹੋਏ ਜਿਸ ਵਿੱਚ ਪਹਿਲਾ ਸੈਸ਼ਨ 09 ਤੋਂ 23 ਦਸੰਬਰ 1946 ਤੱਕ, ਦੂਜਾ ਸੈਸ਼ਨ 20 ਤੋਂ 25 ਜਨਵਰੀ 1947 ਤੱਕ, ਤੀਜ਼ਾ ਸੈਸ਼ਨ 28 ਅਪ੍ਰੈਲ ਤੋਂ 02 ਮਈ 1947 ਤੱਕ, ਚੋਥਾ ਸੈਸ਼ਨ 13-14 ਜੁਲਾਈ 1947, ਪੰਜਵਾਂ ਸੈਸ਼ਨ 14 ਤੋਂ 30 ਅਗੱਸਤ 1947 ਤੱਕ, ਛੇਵਾਂ ਸੈਸ਼ਨ 27 ਜਨਵਰੀ 1948 ਨੂੰ, ਸੱਤਵਾਂ ਸੈਸ਼ਨ 04 ਨਵੰਬਰ 1948 ਤੋਂ 08 ਜਨਵਰੀ 1949 ਤੱਕ, ਅੱਠਵਾਂ ਸੈਸ਼ਨ 16 ਮਈ ਤੋਂ 16 ਜੂਨ 1949 ਤੱਕ, ਨੌਵਾਂ ਸੈਸ਼ਨ 30 ਜੁਲਾਈ ਤੋਂ 18 ਸਤੰਬਰ 1949 ਤੱਕ, ਦਸਵਾਂ ਸੈਸ਼ਨ 6 ਤੋਂ 17 ਅਕਤੂਬਰ 1949 ਤੱਕ, ਗਿਆਰਵਾਂ ਸੈਸ਼ਨ 14 ਤੋਂ 26 ਨਵੰਬਰ 1949 ਤੱਕ ਅਤੇ ਬਾਰਵਾਂ ਸੈਸ਼ਨ 24 ਜਨਵਰੀ 1950 ਨੂੰ ਹੋਇਆ। ਸੰਵਿਧਾਨ ਨੂੰ ਤਿਆਰ ਕਰਨ ਲਈ ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਕੁੱਲ 389 ਮੈਂਬਰ ਸਨ ਜਿਨ੍ਹਾਂ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ, ਡਾਕਟਰ ਰਾਜੇਂਦਰ ਪ੍ਰਸਾਦ, ਸੰਜੇ ਫਾਕੇ, ਸੰਦੀਪ ਕੁਮਾਰ ਪਟੇਲ, ਨਲਿਨੀ ਰੰਜਨ ਘੋਸ਼, ਬਲਵੰਤ ਰਾਏ ਮਹਿਤਾ, ਸਰਦਾਰ ਵੱਲਭ ਭਾਈ ਪਟੇਲ, ਸ਼ਿਆਮਾ ਪ੍ਰਸਾਦ ਮੁਖਰਜੀ, ਮੌਲਾਨਾ ਅਬਦੁਲ ਕਲਾਮ ਆਜ਼ਾਦ ਆਦਿ ਇਸ ਸਭਾ ਦੇ ਪ੍ਰਮੁੱਖ ਮੈਂਬਰ ਸ਼ਾਮਲ ਸਨ। ਇਸ ਸਭਾ ਵਿੱਚ ਲੱਗਭੱਗ 30 ਮੈਂਬਰ ਅਨੁਸੂਚਿਤ ਜਾਤਾਂ ਨਾਲ ਸਬੰਧਿਤ ਸਨ, ਫਰਾਂਕ ਐਂਥੋਨੀ ਐਂਗਲੋਂ-ਇੰਡੀਅਨ ਕਮਿਉਨਿਟੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਐਚ ਪੀ ਮੋਦੀ ਪਾਰਸੀਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਮਾਇਨਾਰਿਟੀ ਕਮੇਟੀ ਦੇ ਚੇਅਰਮੈਨ ਹਰਿੰਦਰ ਕੂਮਰ ਮੁਕਰਜੀ ਇਸਾਈਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ, ਅਰੀ ਬਹਾਦੁਰ ਗੁਰਰੰਗ ਗੋਰਖਿਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਇਸ ਕਮੇਟੀ ਵਿੱਚ ਸਰੋਜਿਨੀ ਨਾਇਡੂ, ਹਾਂਸਾ ਮਹਿਤਾ, ਦੁਰਗਾਬਾਈ ਦੇਸ਼ਮੁਖ, ਰਾਜ ਕੁਮਾਰੀ ਅਮ੍ਰਿਤ ਕੌਰ, ਵਿਜੈਲਕਸ਼ਮੀ ਪੰਡਿਤ ਵਗਗੀਆਂ ਉੱਘੀਆਂ ਮਹਿਲਾ ਆਗੂ ਵੀ ਸ਼ਾਮਿਲ ਸਨ। ਇਸ




ਕਮੇਟੀ ਦੀ ਪਹਿਲੇ ਦੋ ਦਿਨ ਦੀ ਅਸਥਾਈ ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਚਿੰਦਾਨੰਦਾ ਸਿਨਹਾ ਨੇ ਕੀਤੀ ਅਤੇ ਫਿਰ ਰਾਜਿੰਦਰ ਪ੍ਰਸਾਦ ਨੂੰ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਹੋਈ। 14 ਅਗੱਸਤ 1947 ਨੂੰ ਸੰਵਿਧਾਨ ਸਭਾ ਦੀ ਹੋਈ ਮੀਟਿੰਗ ਵਿੱਚ ਵੱਖ ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਮੌਲਿਕ ਅਧਿਕਾਰਾਂ ਸਬੰਧੀ ਕਮੇਟੀ, ਸੰਘੀ ਸ਼ਕਤੀ ਕਮੇਟੀ ਅਤੇ ਸੰਘੀ ਸੰਵਿਧਾਨ ਕਮੇਟੀ ਸ਼ਾਮਿਲ ਸੀ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਇਸ ਕਮੇਟੀ ਵਿੱਚ 6 ਹੋਰ ਮੈਂਬਰ ਪੰਡਿਤ ਗੋਬਿੰਦ ਵਲਭ ਪੰਤ, ਕੇ ਐਮ ਮੁਨਸ਼ੀ ਸਾਬਕਾ ਗ੍ਰਹਿ ਮੰਤਰ ਬੰਬੇ, ਅਲਾਦੀ ਕ੍ਰਿਸ਼ਨਾਸਵਾਮੀ ਅਈਅਰ ਸਾਬਕਾ ਐਡਵੋਕੇਟ ਜਨਰਲ ਮਦਰਾਸ ਰਾਜ, ਐਨ ਗੋਪਾਲਾਸਵਾਮੀ ਐਂਇਗਰ ਸਾਬਕਾ ਪ੍ਰਧਾਨ ਮੰਤਰੀ ਜੰਮੂ ਕਸ਼ਮੀਰ, ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ, ਮੁਹੰਮਦ ਸਾਦਉੱਲਾ ਸਾਬਕਾ ਮੁੱਖ ਮੰਤਰੀ ਅਸਾਮ ਅਤੇ ਮੁਸਲਿਮ ਲੀਗ ਮੈਂਬਰ ਅਤੇ ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਸਨ। ਸਰ ਬੈਨੇਗਲ ਨਾਰਸਿੰਗ ਰਾਓ ਨੂੰ ਜੋ ਕਿ 1950-54 ਦੌਰਾਨ ਪਹਿਲੇ ਭਾਰਤੀ ਅੰਤਰਰਾਸ਼ਟਰੀ ਨਿਆਂ ਜਸਟਿਸ ਰਹੇ ਹਨ ਨੂੰ ਸੰਵਿਧਾਨਿਕ ਸਲਾਹਕਾਰ ਬਣਾਇਆ ਗਿਆ। ਬਾਦ ਵਿੱਚ ਇੱਕ ਮੈਂਬਰ ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ ਨੇ ਅਸਤੀਫਾ ਦੇ ਦਿਤਾ ਤੇ ਉਨ੍ਹਾਂ ਦੀ ਥਾਂ ਮਾਧਵ ਰਾਓ ਕਨੂੰਨੀ ਸਲਾਹਕਾਰ ਮਹਾਰਾਜਾ ਬੜੋਦਾ ਨੂੰ ਮੈਂਬਰ ਲਿਆ ਗਿਆ। ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਦੀ ਮੋਤ ਹੋਣ ਕਾਰਨ ਟੀ ਟੀ ਕ੍ਰਿਸ਼ਨਾਮਾਚਾਰੀ ਨੂੰ ਕਮੇਟੀ ਮੈਂਬਰ ਬਣਾਇਆ ਗਿਆ। ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਵਿੱਚ ਲੱਗਭੱਗ 166 ਦਿਨ ਵੱਖ ਵੱਖ ਵਰਗਾਂ ਦੇ ਲੋਕਾਂ ਨਾਲ ਮੀਟਿੰਗਾਂ ਕੀਤੀਆਂ। ਡਰਾ-ਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ ਕੀਤਾ ਗਿਆ। ਇਸ ਦੀਆਂ ਬੈਠਕਾਂ ਵਿੱਚ ਪ੍ਰੈਸ ਅਤੇ ਜਨਤਾ ਨੂੰ ਭਾਗ ਲੈਣ ਦੀ ਅਜ਼ਾਦੀ ਸੀ। ਡਰਾਫਟ ਸੰਵਿਧਾਨ ਸਭਾ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 2 ਸਾਲਾਂ ਦੌਰਾਨ 2000 ਸੋਧ ਕੀਤੇ ਗਏ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕਾਫੀ ਕੁੱਝ ਲਿਆ ਗਿਆ ਹੈ। ਇਸ ਤਰਾਂ ਭਾਰਤੀ ਸੰਵਿਧਾਨ ਤੇ ਦੂਜੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਪਿਆ ਹੈ ਜਿਨ੍ਹਾਂ ਵਿੱਚ ਬਿਟ੍ਰਿਸ਼ ਸੰਵਿਧਾਨ, ਅਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਅੱਜ ਦੇ ਦਿਨ 26 ਨਵੰਬਰ 1949 ਨੂੰ ਸਾਰੀ ਕਾਰਵਾਈ ਮੁਕੰਮਲ ਹੋ ਗਈ ਅਤੇ ਸਵਿੰਧਾਨ ਸਭਾ ਨੇ ਸਵਿੰਧਾਨ ਸਵਿਕਾਰ ਕਰ ਲਿਆ। ਭਾਰਤ ਦਾ ਸੰਵਿਧਾਨ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ। ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਤਕਰੀਬਨ 6 ਕਰੋੜ (ਉਸ ਸਮੇਂ) ਰੁਪਏ ਖਰਚ ਹੋਏ। ਭਾਰਤ ਦਾ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਨਾਲ ਬਿਲਕੁੱਲ ਮਿਲਦਾ ਜੁਲਦਾ ਹੈ। ਸੰਵਿਧਾਨ ਦੀ ਵਰਤੋਂ ਸਭ ਤੋਂ ਪਹਿਲਾਂ ਇੰਗਲੈਂਡ ਵਿੱਚ ਹੋਈ। ਇਸ ਵਿੱਚ ਲੱਗਭੱਗ 80 ਹਜ਼ਾਰ ਸ਼ਬਦ ਹਨ। ਭਾਰਤੀ ਸੰਵਿਧਾਨ ਦੇ ਆਰਟੀਕਲ 5, 6, 7, 8, 9, 60, 324, 366, 367, 379, 380, 388, 391, 392, 393 ਅਤੇ 394 ਆਦਿ 26 ਨਵੰਬਰ, 1949 ਨੂੰ ਹੀ ਲਾਗੂ ਕੀਤੇ ਗਏ ਅਤੇ ਬਾਕੀ ਭਾਗ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ ਸੀ। ਇਸਤੇ ਕੁੱਲ 284 ਮੈਂਬਰਾਂ ਨੇ ਦਸਤਖਤ ਕੀਤੇ ਅਤੇ ਸੰਵਿਧਾਨ ਬਣਾਉਣ ਦੀ ਕਾਰਵਾਈ ਮੁਕੰਮਲ ਹੋ ਗਈ। 24 ਜਨਵਰੀ 1950 ਨੂੰ ਸਭਾ ਦੇ 308 ਮੈਂਬਰਾਂ ਨੇ ਸੰਵਿਧਾਨ ਦੀਆਂ ਦੋ ਕਾਪੀਆਂ ਇੱਕ ਅੰਗਰੇਜੀ ਵਿੱਚ ਅਤੇ ਇੱਕ ਹਿੰਦੀ ਵਿੱਚ ਤੇ ਅਪਣੇ ਦਸਤਖੱਤ ਕੀਤੇ। ਸੰਵਿਧਾਨ ਦੀ ਅਸਲੀ ਕਾਪੀ ਹੱਥ ਲਿਖਿਤ ਹੈ ਅਤੇ ਇਸਤੇ ਸ਼ਾਂਤੀਨਿਕੇਤਨ ਦੇ ਕਲਾਕਾਰਾਂ ਜਿਨ੍ਹਾਂ ਵਿੱਚ ਰਾਮ ਮਨੋਹਰ ਸਿਨਹਾ ਅਤੇ ਨੰਦ ਲਾਲ ਬੋਸ ਸ਼ਾਮਿਲ ਸਨ ਨੇ ਸਜ਼ਾਵਟ ਕੀਤੀ ਸੀ। 26 ਜਨਵਰੀ, 1950 ਨੂੰ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਕੀਤਾ ਗਿਆ। 26 ਜਨਵਰੀ ਦਾ ਦਿਨ ਭਾਰਤੀ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਸੀ ਕਿਉਂਕਿ 26 ਜਨਵਰੀ 1930 ਨੂੰ ਹੀ ਕਾਂਗਰਸ ਨੇ ਸੰਪੂਰਨ ਸਵੈਰਾਜ ਦਿਵਸ ਮਨਾਇਆ ਸੀ ਅਤੇ ਮੁਕੰਮਲ ਅਜ਼ਾਦੀ ਦੀ ਲੜਾਈ ਸ਼ੁਰੂ ਕੀਤੀ ਸੀ। 26 ਜਨਵਰੀ ਦਾ ਦਿਨ ਭਾਰਤ ਵਿੱਚ ਗਣਤੰਤਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਸਾਲ 2015 ਵਿੱਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀ 125ਵੀਂ ਜਯੰਤੀ ਮਨਾਉਣ ਦੀ ਘੋਸਣਾ ਕੀਤੀ ਗਈ ਤਾਂ ਨਾਲ ਹੀ 26 ਨਵੰਬਰ ਦਾ ਦਿਨ ਸੰਵਿਧਾਨ ਦਿਵਸ ਦੇ ਤੋਰ ਤੇ ਮਨਾਉਣ ਦੀ ਘੋਸ਼ਣਾ ਵੀ ਕੀਤੀ ਗਈ। ਬੇਸ਼ੱਕ ਭਾਰਤੀ ਸੰਵਿਧਾਨ ਤਿਆਰ ਕਰਨ ਵਾਲਿਆਂ ਨੇ ਹਰ ਵਰਗ ਦਾ ਖਿਆਲ ਰੱਖਕੇ ਸੰਵਿਧਾਨ ਤਿਆਰ ਕੀਤਾ ਸੀ ਪ੍ਰੰਤੂ ਇਸਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਅਣਗਹਿਲੀ ਕਾਰਨ ਦੇਸ਼ ਦੇ ਬਹੁਤੇ ਵਰਗਾਂ ਵਿੱਚ ਬੇਚੈਨੀ ਅਤੇ ਅਸੰਤੁਸ਼ਟਤਾ ਪਾਈ ਜਾ ਰਹੀ ਹੈ। ਸਾਡੇ ਨੀਤੀ ਨਿਰਮਾਤਾਵਾਂ ਅਤੇ ਨੀਤੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਸੰਵਿਧਾਨ ਵਿੱਚ ਦੇਸ਼ ਦੇ ਵੱਖ ਵੱਖ ਵਰਗਾਂ ਦੀ ਸੁਰੱਖਿਆ ਅਤੇ ਖੁਸ਼ਹਾਲੀ ਦਾ ਲਾਭ ਸਹੀ ਅਰਥਾਂ ਵਿੱਚ ਉਨ੍ਹਾਂ ਵਰਗਾਂ ਤੱਕ ਪਹੁੰਚ ਸਕੇ ਅਤੇ ਹਰ ਵਰਗ ਅਪਣੇ ਆਪ ਨੂੰ ਸੱਚਾ ਭਾਰਤੀ ਹੋਣ ਤੇ ਮਾਣ ਮਹਿਸੂਸ ਕਰ ਸਕੇ।




## Thinking of Buying or Selling Houses or Businesses within Sacramento to Bay Area?

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




3 Bed Rooms, 2.0 Full Baths
1, 145 sq. ft.
Listing Price: $ 349,000




4 Bed Rooms, 2 Full Baths
1,596 sq ft
Lot size: 6,098
Listing Price: $279,900




3 Bed Rooms / 2 Full Baths
Sqft 1118
lot size 9148
Listing Price: $299,000




4 Bed Rooms, 4 Bath Rooms
Sq Ft: 2612
Lot Sz: 0.1934ac*
Listing Price $629,000




4 Bed Rooms, 2 Bath Rooms
Sq Ft: 1118
Lot Sz: 6970sqft
Listing Price: $299,000




3-4 Bed Rooms, 2.0 Full Baths
1,492 sq ft
Lot size: 6,469
Listing Price: $299,000




5 Bed Rooms, 2.5 Full Baths
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




3 Bed Rooms, 1 Full Bath
1037 sq ft Lot size: 6098
Listing Price; $299,000
Close to UC Davis Medical Center




Indian Restaurant
for Sale in Sacramento
Listing Price: 149,000




BERKSHIRE HATHAWAY
Home Services

## Buying or Selling Hotels and Gas Stations? Call Now- 916-271-5404

## OFFICE: 7412 ELSIE AVE., SACRAMENTO, CA 95828




ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ




Murphy Business & Financial ......, Boparai Brothers:
J.S. Boparai, G.S. Boparai, M.S. Boparai & D.S. Boparai

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

## ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ


ਮੱਖਣ ਸਿੰਘ ਬੈਂਸ


ਗਿਆਨੀ ਰਵਿੰਦਰ ਸਿੰਘ



# Raja™ SWEETS & CATERING®

**AUTHORIZED CATERER FOR MAJOR 5-STAR HOTELS**

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

## Fresh Sweets, Snacks & Food

**Catering for All occasions up to 10000 guests**

**Lunch - Dinner - Take Out - Banquets**

### Raja Sweets & Indian Cuisine

31853 Alvarado Blvd. Union City CA 94587
Ph. (510) 489-9100 Fax (510) 489-9111

### Raja Indian Cuisine & Bar

1275 W Winton Ave. Hayward CA 94545
Ph. (510) 264-9300 Fax (510) 264-9345



**Items Serving:**

- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**

- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**

- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com